Mazdoor Ekta Lehar .Vol. 6, No. 7 July 2014 Price Rs. 5

http://www.cgpi.org

ਆਉਣ ਵਾਲੇ ਇਨਕਲਾਬੀ ਝੱਖੜਾਂ ਲਈ ਤਿਆਰੀ ਕਰੋ

# ਮਜਦੂਰ ਏਕਤਾ ਲਹਿਰ

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖ਼ਬਾਰ

ਜਿਲਦ 6, ਅੰਕ 7 ਮਾਸਕ — ਮੁੱਲ 5 ਰੁ ਜੁਲਾਈ 2014

## ਵੱਡੇ ਸਰਮਾਏਦਾਰਾਂ ਲਈ ਭਲੇ ਦਿਨਾਂ ਦਾ ਮਤਲਬ ਹੈ ਕਿ ਮਜਦੂਰਾਂ ਅਤੇ ਕਿਸਾਨਾਂ ਲਈ ਹੋਰ ਵੀ ਔਖੇ ਦਿਨ ਆਉਣਗੇ

### ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਬਿਆਨ, 4 ਜੂਨ, 2014

"ਸੱਭ ਕੇ ਸਾਥ, ਸੱਭ ਕਾ ਵਿਕਾਸ!" (ਸੱਭਨਾਂ ਦੇ ਨਾਲ, ਸੱਭਨਾਂ ਦਾ ਵਿਕਾਸ!) ਇਹੋ ਨਾਹਰਾ ਹੈ ਜਿਹਦੇ ਨਾਲ, ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੇ ਕੇਂਦਰ ਵਿੱਚ ਸੱਤਾ ਦੀ ਬਾਜੀ ਮਾਰੀ ਹੈ। ਉਹਨੇ 52 ਪ੍ਰਤੀਸ਼ਤ ਸੀਟਾਂ ਉੱਤੇ ਕਬਜ਼ਾ ਕਰ ਲਿਆ ਹੈ ਅਤੇ ਕਾਂਗਰਸ ਪਾਰਟੀ ਸੰਸਦ ਵਿੱਚ ਇੱਕ ਤੁੱਛ ਜਿਹੀ ਘੱਟ-ਗਿਣਤੀ ਬਣਕੇ ਰਹਿ ਗਈ ਹੈ। ਹੁਣ ਸਾਨੂੰ, 'ਭਲੇ ਦਿਨਾਂ ਦੀ' ਉਮੀਦ ਲਈ ਰੱਖਣ ਕਿਹਾ ਜਾ ਰਿਹਾ ਹੈ!

ਕੀ ਇਹ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਇੱਕ ਆਧੁਨਿਕ ਸਰਬ-ਵਿਆਪੀ ਸਰਵਜਨਕ ਵਿਤਰਣ ਪ੍ਰਣਾਲੀ ਸਥਾਪਤ ਕਰੇਗੀ, ਜਿਸ ਦੇ ਜ਼ਰੀਏ ਸੱਭਨਾਂ ਲਈ ਵਾਜਬ ਕੀਮਤਾਂ 'ਤੇ ਉਪਭੋਗ ਦੀਆਂ ਸੱਭ ਜ਼ਰੂਰੀ ਵਸਤਾਂ ਉਪਲਬੱਧ ਕਰਾਈਆਂ ਜਾਣਗੀਆਂ? ਅਜੇਹਾ ਯਕੀਨੀ ਬਣਾਉਣ ਲਈ, ਕੀ ਇਹ ਵਿਦੇਸ਼ ਵਿਉਪਾਰ ਅਤੇ ਘਰੇਲੂ ਥੋਕ ਵਿਉਪਾਰ ਨੂੰ ਜਨਤਕ ਕੰਟਰੋਲ ਹੇਠ ਲਿਆਏਗੀ?

ਬਾਕੀ ਸਫਾ 2 'ਤੇ

## ਅਪਰੇਸ਼ਨ ਬਲੂ ਸਟਾਰ ਦੀ ਸੱਚਾਈ

ਸਿੱਖ ਧਰਮ ਦੇ ਲੋਕਾਂ ਉੱਤੇ ਇੱਕ ਸੱਭ ਤੋਂ ਭਿਅੰਕਰ ਹਮਲੇ, ਅੰਮ੍ਰਿਤਸਰ 'ਚ ਦਰਬਾਰ ਸਾਹਿਬ ਉੱਤੇ ਫੌਜ ਦੇ ਹਮਲੇ, ਤੋਂ 30 ਸਾਲ ਬਾਅਦ ਵੀ ਉਸ ਅਪਮਾਨ ਦੇ ਖਿਲਾਫ਼ ਸਾਡੇ ਲੋਕਾਂ ਵਿਚ ਬੇਹੱਦ ਗੁੱਸਾ ਹੈ। ਉਸ ਭਿਆਨਕ ਅਪਰਾਧ ਲਈ ਹਿੰਦੋਸਤਾਨੀ ਰਾਜ ਦੀ ਪੁਰਜ਼ੋਰ ਨਿਖੇਧੀ ਕਰਨ ਲਈ ਅਤੇ ਰਾਜਕੀ ਅੱਤਵਾਦ ਅਤੇ ਰਾਜ ਦੁਆਰਾ ਆਯੋਜਿਤ ਫ਼ਿਰਕੂ ਹੱਤਿਆ ਕਾਂਡਾਂ ਖਿਲਾਫ ਸਾਡੇ ਲੋਕਾਂ ਦੀ ਏਕਤਾ ਨੂੰ ਹੋਰ ਮਜਬੂਤ ਕਰਨ ਲਈ, ਲੋਕ ਰਾਜ ਸੰਗਠਨ ਵਲੋਂ, ਨਵੀਂ ਦਿੱਲੀ 'ਚ 8 ਜੂਨ 2014 ਨੂੰ ਇੱਕ ਵਿਚਾਰ-ਚਰਚਾ ਆਯੋਜਿਤ ਕੀਤੀ ਗਈ। ਇਸ ਵਿਚਾਰ-ਚਰਚਾ ਵਿਚ ਲੋਕਾਂ ਨੇ ਉਤਸ਼ਾਹਪੂਰਬਕ ਹਿੱਸਾ ਲਿਆ।

ਵਿਚਾਰ ਚਰਚਾ ਨੂੰ ਲੋਕ ਰਾਜ ਸੰਗਠਨ ਦੇ ਸ਼੍ਰੀ ਐਸ. ਰਾਘਵਨ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਟਰੀਜ਼ ਦੇ ਸ਼੍ਰੀ ਐਨ. ਡੀ. ਪੰਚੋਲੀ, ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਸ਼੍ਰੀ ਰਾਜਵਿੰਦਰ ਸਿੰਘ ਬੈਂਸ ਅਤੇ ਲੇਖਕ ਅਤੇ ਸਮਾਜਿਕ ਕਾਰਕੁੰਨ ਸ਼੍ਰੀ ਜਰਨੈਲ ਸਿੰਘ, ਜੋ ਦਿੱਲੀ 'ਚ ਨਵੰਬਰ 1984 'ਚ ਸਿੱਖਾਂ 'ਤੇ ਹੋਏ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ



ਬਾਕੀ ਸਫਾ 4 'ਤੇ

### ਦਿੱਲੀ 'ਚ ਸਰਕਾਰ ਨਾ ਹੋਣ ਦਾ ਸੰਕਟ:

## ਮਿਹਨਤਕਸ਼ਾਂ ਨੂੰ ਆਪਣੀ ਸੱਤਾਹੀਣਤਾ ਦੀ ਹਾਲਤ ਖ਼ਤਮ ਕਰਨ ਲਈ ਜਥੇਬੰਦ ਹੋਣਾ ਪਵੇਗਾ

ਬੀਤੇ ਸਾਢੇ ਚਾਰ ਮਹੀਨਿਆਂ ਤੋਂ ਦਿੱਲੀ 'ਚ ਕੋਈ ਸੂਬਾਈ ਸਰਕਾਰ ਨਹੀਂ ਹੈ। ਜਦੋਂ ਤੋਂ 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਅਸਤੀਫਾ ਦਿੱਤਾ ਹੈ, ਉਦੋਂ ਤੋਂ ਵਿਧਾਨ ਸਭਾ "ਮੁਅੱਤਲੀ" ਦੀ ਸਥਿਤੀ ਵਿੱਚ ਹੈ। ਕਾਰਜਕਾਰਣੀ ਦੀ ਤਾਕਤ ਉਪ ਰਾਜਪਾਲ ਦੇ ਹੱਥਾਂ 'ਚ ਹੈ, ਜਿਹੜਾ ਹਿੰਦੋਸਤਾਨ ਦੇ ਰਾਸ਼ਟਰਪਤੀ ਪ੍ਰਤੀ ਜਵਾਬਦੇਹ ਹੈ, ਅਤੇ ਰਾਸ਼ਟਰਪਤੀ ਖੁਦ ਪ੍ਰਧਾਨ ਮੰਤਰੀ ਦੀ ਅਗਵਾਈ ਹੇਠਲੇ ਕੇਂਦਰੀ ਮੰਤਰੀ-ਮੰਡਲ ਦੀ ਸਲਾਹ ਅਨੁਸਾਰ ਕੰਮ ਕਰਨ ਲਈ ਪ੍ਰਤੀਬੱਧ ਹੈ।

ਜੇਕਰ ਜਨਤਾ ਵਲੋਂ ਚੁਣੇ ਗਏ ਪ੍ਰਤੀਨਿਧੀਸਰਕਾਰ ਬਣਾਉਣ 'ਚ ਅਸਮਰਥ ਹਨ ਤਾਂ ਅਗਲਾ ਕਦਮ ਕੀ ਹੋਣਾ ਚਾਹੀਦਾ। ਇਹਦਾ ਫੈਸਲਾ ਲੈਣ ਦਾ ਅਧਿਕਾਰ ਕੀ ਉਸ ਜਨਤਾ ਨੂੰ ਨਹੀਂ ਹੋਣਾ ਚਾਹੀਦਾ, ਜਿਹਨੇ ਇਨ੍ਹਾਂ ਪ੍ਰਤੀਨਿਧੀਆਂ ਨੂੰ ਚੁਣਿਆਂ ਸੀ? ਹੋਣਾ ਤਾਂ ਚਾਹੀਦਾ ਹੈ ਲੇਕਿਨ ਵਰਤਮਾਨ ਪ੍ਰਯਾਲੀ ਅੰਦਰ ਅਜਿਹਾ ਨਹੀਂ ਹੈ। ਫਿਰ ਤੋਂ ਵਿਧਾਨ ਸਭਾ ਦੀ ਚੋਣ ਹੋਣੀ ਚਾਹੀਦੀ ਹੈ ਜਾਂ ਨਹੀਂ, ਇਹ ਫੈਸਲਾ ਦਿੱਲੀ ਦੀ ਜਨਤਾ ਨਹੀਂ ਕਰ ਸਕਦੀ। ਇਹ ਫੈਸਲਾ ਕਰਨ ਦਾ ਅਧਿਕਾਰ ਕੇਂਦਰੀ ਕਾਰਜਕਾਰਣੀ ਦੇ ਹੱਥਾਂ ਵਿੱਚ ਹੈ। ਕੇਂਦਰ ਵਿੱਚ ਸੱਤਾਧਾਰੀ ਪਾਰਟੀ ਸੁਵਿਧਾ ਮੁਤਾਬਕ ਚੋਣਾਂ ਦੇ ਸਮੇਂ ਦਾ ਫੈਸਲਾ ਕਰਦੀ ਹੈ।

ਦਿੱਲੀ ਦੀਆਂ ਹਾਲਤਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਤੀਨਿਧੀਵਾਦੀ ਜਮਹੂਰੀਅਤ ਦੀ ਵਰਤਮਾਨ ਪ੍ਰਣਾਲੀ ਅਤੇ ਪਰਕਿਰਿਆ ਵਿੱਚ ਬੁਨਿਆਦੀ ਦੋਸ਼ ਹੈ। ਇਸ ਪ੍ਰਣਾਲੀ ਅੰਦਰ ਪ੍ਰਭੁਸੱਤਾ ਲੋਕਾਂ ਦੇ ਹੱਥਾਂ ਵਿੱਚ ਨਹੀਂ ਹੈ।

ਹਿੰਦੋਸਤਾਨ ਦਾ ਸੰਵਿਧਾਨ "ਸੰਸਦੀ ਸੰਪ੍ਰਭੁਤਾ" ਦੇ ਬਰਤਾਨਵੀ ਪੂੰਜੀਵਾਦੀ ਅਸੂਲ ਉੱਤੇ ਅਧਾਰਤ

ਬਾਕੀ ਸਫਾ 11 'ਤੇ

## ਸਰਮਾਏਦਾਰਾਂ ਲਈ ਭਲੇ ਦਿਨ...

ਸਫਾ 1 ਦੀ ਬਾਕੀ

ਕੀ ਇਹ ਸਰਕਾਰ, ਅਜੇਹਾ ਯਕੀਨੀ ਬਣਾਏਗੀ ਕਿ ਮਜਦੂਰਾਂ ਦੀਆਂ ਤਨਖਾਹਾਂ ਹਮੇਸ਼ਾ ਨਿਰਬਾਹ ਦੀ ਲਾਗਤ ਨਾਲੋਂ ਜ਼ਿਆਦਾ ਵਧਣਗੀਆਂ? ਕੀ ਇਹ, ਬਿਨਾਂ-ਛੋਟ, ਹਰੇਕ ਮਜਦੂਰ ਲਈ ਜਿਊਣ ਜੋਗੀ ਤਨਖਾਹ ਅਤੇ ਪੈਨਸ਼ਨ ਦੀ ਗਰੰਟੀ ਦੇਵੇਗੀ? ਕੀ ਇਹ, ਇਹੋ ਗਰੰਟੀ ਦੇਵੇਗੀ ਕਿ ਕਿਸੇ ਵੀ ਮਜਦੂਰ ਨੂੰ ਦਿਨ ਵਿੱਚ 8 ਘੰਟੇ ਤੋਂ ਜ਼ਿਆਦਾ ਕੰਮ ਕਰਨ ਲਈ ਮਜਬੂਰ ਨਾ ਕੀਤਾ ਜਾਵੇ? ਕੀ ਇਹ, ਮਜਦੂਰਾਂ ਦੇ ਆਪਣੀ ਪਸੰਦ ਦੀ ਯੂਨੀਅਨ ਬਣਾਉਣ ਦੇ ਅਧਿਕਾਰ ਅਤੇ ਹੜਤਾਲ ਕਰਨ ਦੇ ਅਧਿਕਾਰ ਦੀ ਰਖਵਾਲੀ ਕਰੇਗੀ? ਕੀ ਇਹ, ਗ੍ਰਿਫਤਾਰ ਕੀਤੇ ਗਏ ਮਾਰੂਤੀ ਦੇ ਮਜਦੂਰਾਂ ਨੂੰ ਜੇਲ੍ਹ 'ਚੋਂ ਤੁਰੰਤ ਰਿਹਾ ਕਰੇਗੀ?

ਕੀ ਇਹ ਸਰਕਾਰ, ਜੀਵਨ-ਨਿਰਬਾਹ ਦੀ ਅਸੁਰੱਖਿਆ ਨੂੰ ਖਤਮ ਕਰ ਦੇਵੇਗੀ, ਜਿਹਨੇ ਸਾਡੇ ਲੱਖਾਂ ਹੀ ਕਿਸਾਨ ਭਰਾਵਾਂ ਅਤੇ ਭੈਣਾਂ ਨੂੰ ਖੁਦਕੁਸ਼ੀਆਂ ਕਰਨ ਲਈ ਮਜਬੂਰ ਕੀਤਾ ਹੈ? ਕੀ ਇਹ ਸਿੰਚਾਈ, ਬੀਜ, ਰਸਾਇਣਕ ਖਾਦਾਂ, ਬਿਜਲੀ ਅਤੇ ਖੇਤੀ ਲਈ ਲੋੜੀਦੀਂਆਂ ਹੋਰ ਵਸਤਾਂ ਕਿਸਾਨਾਂ ਨੂੰ ਟਿਕਾਊ ਅਤੇ ਵਾਜ਼ਬ ਭਾਅ 'ਤੇ ਮੁਹੱਈਆ ਕਰਨ ਲਈ ਲੋੜੀਂਦੇ ਜਨਤਕ-ਨਿਵੇਸ਼ ਕਰਨ ਦਾ ਬੀੜਾ ਚੁੱਕੇਗੀ? ਕੀ ਇਹ, ਸੱਭ ਫਸਲਾਂ ਲਈ ਟਿਕਾਊ ਅਤੇ ਲਾਹੇਵੰਦ ਕੀਮਤਾਂ ਯਕੀਨੀ ਬਣਾਉਣ ਲਈ ਇੱਕ ਭਰੋਸੇਮੰਦ ਸਰਕਾਰੀ ਖ੍ਰੀਦ ਪ੍ਰਣਾਲੀ ਕਾਇਮ ਕਰੇਗੀ?

ਕੀ ਅਸੀਂ ਭਾਜਪਾ ਦੀ ਅਗਵਾਈ ਵਾਲੀ ਇਸ ਸਰਕਾਰ ਤੋਂ ਆਸ ਰੱਖ ਸਕਦੇ ਹਾਂ ਕਿ ਇਹ ਸੱਭਨਾਂ ਲਈ ਵਿੱਦਿਆ, ਸਿਹਤ-ਸੇਵਾਵਾਂ ਅਤੇ ਰਹਾਇਸ਼ੀ ਮਕਾਨਾਂ ਦਾ ਪ੍ਰਬੰਧ ਕਰੇਗੀ? ਕੀ ਇਹ ਸਰਕਾਰੀ ਕਰਜ਼ਿਆਂ ਉਤੇ ਵਿਆਜ ਚੁਕਾਉਣ, ਫੌਜੀਕਰਣ ਕਰਨ ਅਤੇ ਸਰਮਾਏਦਾਰਾਂ ਲਈ ਟੈਕਸ ਛੋਟਾਂ ਸਮੇਤ ਸੱਭ ਅਣ-ਉਤਪਾਦਕ ਕੰਮਾਂ ਉੱਤੇ ਸਰਕਾਰੀ ਖਜ਼ਾਨੇ ਨੂੰ ਵਹਾਉਣਾ ਬੰਦ ਕਰੇਗੀ, ਜਿਹਤੋਂ ਬਿਨਾਂ ਕੇਂਦਰੀ ਸਰਕਾਰ ਕੋਲ ਸੱਭਨਾਂ ਲਈ ਵਿੱਦਿਆ, ਸਿਹਤ-ਸੇਵਾਵਾਂ ਅਤੇ ਮਕਾਨ ਮੁਹੱਈਆ ਕਰਨ ਲਈ ਚੋਖਾ ਪੈਸਾ ਨਹੀਂ ਹੋਵੇਗਾ?

ਇਹ ਸਰਕਾਰ, ਇਨ੍ਹਾਂ 'ਚੋਂ ਕੋਈ ਵੀ ਕੰਮ ਨਹੀਂ ਕਰ ਸਕਦੀ ਅਤੇ ਨਾ ਹੀ ਕਰੇਗੀ ਕਿਉਂਕਿ ਇਹ ਟਾਟਿਆਂ, ਅਮਬਾਨੀਆਂ, ਬਿਰਲਿਆਂ ਅਤੇ ਹੋਰ ਇਜਾਰੇਦਾਰ ਘਰਾਣਿਆਂ ਵਾਸਤੇ, ਅਤੇ ਵਿਦੇਸ਼ੀ ਨਿਵੇਸ਼ਕਾਂ ਵਾਸਤੇ ਵੱਧ-ਤੋਂ-ਵੱਧ ਮੁਨਾਫੇ ਯਕੀਨੀ ਬਣਾਉਣ ਪ੍ਰਤੀ ਵਚਨਬੱਧ ਹੈ।

ਇਹ ਮਜਦੂਰਾਂ ਅਤੇ ਕਿਸਾਨਾਂ ਦੀ ਸੰਮਿਲਤ ਮਿਹਨਤ ਹੀ ਹੈ ਜੋ ਕਿ ਹਰ ਸਾਲ ਸਮਸਤ ਘਰੇਲੂ ਉਤਪਾਦ (ਜ਼ੀ.ਡੀ.ਪੀ.) ਪੈਦਾ ਕਰਦੀ ਹੈ। ਸਾਡੀ ਕਿਰਤ ਨਾਲ ਪੈਦਾ ਕੀਤੀ ਗਈ ਕਦਰ (ਮੁੱਲ) 'ਚੋਂ ਹਰ ਦਿਨ ਵਧ ਰਿਹਾ ਹਿੱਸਾ, ਸਰਮਾਏਦਾਰ ਜਮਾਤ ਵਲੋਂ, ਕਨੂੰਨੀ ਅਤੇ ਗੈਰ-ਕਨੂੰਨੀ, ਮੁਨਾਫਿਆਂ ਦੀ ਸ਼ਕਲ ਵਿੱਚ ਹੜੱਪਕੇ ਆਪਣੀਆਂ ਤਜ਼ੋਰੀਆਂ 'ਚ ਭਰਿਆ ਜਾ ਰਿਹਾ ਹੈ। ਇਜਾਰੇਦਾਰ ਸਰਮਾਏਦਾਰਾਂ ਦੀ ਵੱਧ-ਤੋਂ-ਵੱਧ ਮੁਨਾਫਿਆਂ ਦੀ ਲਾਲਸਾ ਪੂਰੀ ਕਰਨ ਦਾ ਮਤਲਬ ਹੈ ਕਿ ਮਜਦੂਰਾਂ ਦੀ ਲੁੱਟ ਹੋਰ ਵਧੇਰੇ ਤੇਜ ਕੀਤੀ ਜਾਵੇਗੀ ਅਤੇ ਕਿਸਾਨਾਂ, ਕਬਾਇਲੀ ਲੋਕਾਂ ਤੇ ਹੋਰਨਾਂ ਖਿਲਾਫ ਡਾਕੇ ਹੋਰ ਵਧੇਰੇ ਤੇਜੀ ਨਾਲ ਮਾਰੇ ਜਾਣਗੇ। ਵਿਦੇਸ਼ੀ ਪੂੰਜੀ ਨੂੰ, ਜਿੰਨੇ ਵੀ ਵੱਧ-ਤੋਂ-ਵੱਧ ਖੇਤਰਾਂ ਵਿੱਚ ਸੰਭਵ ਹੋ ਸਕੇ, ਆਕਰਸ਼ਤ ਕਰਨ ਦਾ ਮਤਲਬ ਹੈ ਕਿ ਸਾਡੀ ਕਿਰਤ ਅਤੇ ਕੁਦਰਤੀ ਸਾਧਨਾਂ ਨੂੰ ਕੌਡੀਆਂ ਦੇ ਭਾਅ ਉਨ੍ਹਾਂ ਦੇ ਹਵਾਲੇ ਕਰਨਾ।

ਕੀ ਇਹ ਸਰਕਾਰ ਹਰੇਕ ਹਿੰਦੋਸਤਾਨੀ ਦੇ ਜ਼ਮੀਰ ਦੇ ਅਧਿਕਾਰ ਦੀ ਰਖਵਾਲੀ ਕਰੇਗੀ? ਕੀ ਇਹ ਧਾਰਮਕ ਅਧਾਰ 'ਤੇ ਹਰ ਕਿਸਮ ਦੇ ਤਸ਼ੱਦਦ ਅਤੇ ਤਸੀਹੇ ਦੇਣ ਉੱਤੇ ਅਤੇ ਦਹਿਸ਼ਤਗਰਦੀ ਖਿਲਾਫ ਲੜਨ ਦੇ ਨਾਂ 'ਤੇ ਧੱਕੇਸ਼ਾਹੀ ਨਾਲ ਕੀਤੀਆਂ ਜਾਂਦੀਆਂ ਸੱਭ ਗ੍ਰਿਫਤਾਰੀਆਂ ਉੱਤੇ ਰੋਕ ਲਗਾਵੇਗੀ? ਕੀ ਇਹ 1984, 1992-93 ਅਤੇ 2002 ਵਰਗੇ ਫਿਰਕੂ ਕਤਲੇਆਮਾਂ ਦੇ ਗੁਨਾਹਗਾਰਾਂ ਨੂੰ ਸਜ਼ਾ ਦੇਵੇਗੀ? ਕੀ ਇਹ ਔਰਤਾਂ ਨੂੰ ਹਰ ਕਿਸਮ ਦੀ ਹਿੰਸਾ ਤੋਂ ਬਚਾਏਗੀ? ਕੀ ਇਹ ਫੌਜ ਅਤੇ ਅਰਧ-ਫੌਜੀ ਬਲਾਂ ਨੂੰ, ਸਾਡੇ ਲੋਕਾਂ ਖਿਲਾਫ ਤਾਇਨਾਤ ਕਰਨਾ ਬੰਦ ਕਰੇਗੀ, ਜਿਵੇਂ ਕਿ ਕਸ਼ਮੀਰ ਅਤੇ ਉੱਤਰ-ਪੂਰਬ ਵਿੱਚ ਕੀਤਾ ਹੋਇਆ ਹੈ? ਕੀ ਇਹ, 'ਹਥਿਆਰਬੰਦ ਸ਼ਕਤੀਆਂ (ਵਿਸ਼ੇਸ਼ ਤਾਕਤਾਂ) ਕਨੂੰਨ' {ਅਫਸਪਾ} ਅਤੇ 'ਗੈਰ-ਕਨੂੰਨੀ ਹਰਕਤਾਂ ਰੋਕੂ' ਕਨੂੰਨ ਵਰਗੇ ਫਾਸ਼ੀ ਕਨੂੰਨਾਂ ਨੂੰ ਹਮੇਸ਼ਾ ਲਈ ਖਾਰਜ ਕਰੇਗੀ?

ਅਸੀਂ, ਇਸ ਸਰਕਾਰ ਤੋਂ ਇਹ ਸੱਭ ਕੁੱਝ ਕਰਨ ਦੀ ਕੋਈ ਉਮੀਦ ਨਹੀਂ ਰੱਖ ਸਕਦੇ ਕਿਉਂਕਿ ਇਹ ਵਰਤਮਾਨ ਰਾਜਨੀਤਕ ਪ੍ਰਣਾਲੀ ਅਤੇ ਰਾਜ ਦੀ ਰਖਵਾਲੀ ਕਰਨ ਲਈ ਵਚਨਬੱਧ ਹੈ, ਜੋ ਕਿ ਮੂਲੋਂ (ਧੁਰ ਅੰਦਰ ਤਕ) ਜ਼ਾਬਰ, ਪਿਛਾਖੜੀ ਅਤੇ ਫਿਰਕਾਪ੍ਰਸਤ ਹੈ। ਇਤਿਹਾਸਕ ਤਜਰਬਾ ਵਿਖਾਉਂਦਾ ਹੈ ਕਿ ਭਾਜਪਾ ਅਤੇ ਕਾਂਗਰਸ ਪਾਰਟੀ, ਦੋਨਾਂ ਨੇ ਹੀ, ਹੁਕਮਰਾਨ ਜਮਾਤ ਦਾ ਏਜੰਡਾ ਅੱਗੇ ਵਧਾਉਣ ਵਾਸਤੇ, ਧਰਮ, ਕੌਮੀਅਤ ਅਤੇ ਨਸਲ (ਜਾਤ) ਦੇ ਅਧਾਰ 'ਤੇ ਲੋਕਾਂ ਨੂੰ ਸਤਾਉਣ ਅਤੇ ਉਨ੍ਹਾਂ ਉੱਤੇ ਅੱਤਿਆਚਾਰ ਕਰਨ, ਅਤੇ ਉਨ੍ਹਾਂ ਨੂੰ ਇੱਕ-ਦੂਸਰੇ ਦੇ ਖਿਲਾਫ਼ ਭੜਕਾਉਣ ਲਈ ਇਸ ਰਾਜ ਦਾ ਇਸਤੇਮਾਲ ਕਰਨ ਦੇ ਹੁਨਰ ਵਿੱਚ ਮੁਹਾਰਤ ਹਾਸਲ ਕਰ ਲਈ ਹੈ। ਫਿਰਕਾਪ੍ਰਸਤ ਹਿੰਸਾ ਅਤੇ ਰਾਜਕੀ ਦਮਨ, ਹੁਕਮਰਾਨ ਜਮਾਤ ਲਈ ਆਪਣਾ ਲੋਟੂ ਰਾਜ ਜਾਰੀ ਰੱਖਣ ਵਿੱਚ ਸਹਾਈ ਹੁੰਦੇ ਹਨ।

ਜਿਸ ਜਮਾਤਾਂ ਵਿਚਕਾਰ ਵੰਡੇ ਹੋਏ ਸਮਾਜ 'ਚ ਅਸੀਂ ਰਹਿੰਦੇ ਹਾਂ, ਉਹਦੇ ਅੰਦਰ ਕਿਸੇ ਵੀ ਸਰਕਾਰ ਨੂੰ ਜਾਂ ਤਾਂ ਇਜਾਰੇਦਾਰੀਆਂ ਦੀ ਅਗਵਾਈ ਹੇਠਲੀ ਸਰਮਾਏਦਾਰ ਜਮਾਤ ਦੀ ਸੇਵਾ ਕਰਨੀ ਪਵੇਗੀ, ਜਾਂ ਫਿਰ ਮਜਦੂਰ ਜਮਾਤ ਦੀ ਅਗਵਾਈ ਹੇਠਲੀ ਬਹੁ-ਗਿਣਤੀ ਮਿਹਨਤਕਸ਼ ਜਨਤਾ ਦੀ ਸੇਵਾ ਕਰਨੀ ਪਵੇਗੀ। ਇਹਨੂੰ ਜਾਂ ਤਾਂ ਸਰਮਾਏਦਾਰ ਪ੍ਰਣਾਲੀ ਅਤੇ ਮੌਜੂਦਾ ਰਾਜ ਦੀ ਰਖਵਾਲੀ ਕਰਨੀ ਪਵੇਗੀ, ਜਾਂ ਫਿਰ ਇਨ੍ਹਾਂ ਦੇ ਇਨਕਲਾਬੀ ਤਖਤਾ-ਪਲਟ ਲਈ ਕੰਮ ਕਰਨਾ ਪਵੇਗਾ।

ਭਾਜਪਾ ਦੀ ਅਗਵਾਈ ਵਾਲੀ ਰਾਜਗ (ਰਾਸ਼ਟਰੀ ਜਨਤੰਤਰਕ ਗਠਜੋੜ) ਸਰਕਾਰ ਇੱਕ ਸਰਮਾਏਦਾਰਾ ਸਰਕਾਰ ਹੈ। ਇਹ ਸਰਮਾਏਦਾਰ ਜਮਾਤ ਲਈ ਭਲੇ ਦਿਨਾਂ (ਅੱਛੇ ਦਿਨਾਂ) ਦੀ ਗਰੰਟੀ ਦੇਣ ਲਈ ਵਚਨਬੱਧ ਹੈ, ਜਿਸਦਾ ਮਤਲਬ ਹੈ ਮਜਦੂਰਾਂ ਅਤੇ ਕਿਸਾਨਾਂ ਦੇ ਜੀਵਨ-ਨਿਰਬਾਹ ਅਤੇ ਅਧਿਕਾਰਾਂ ਉੱਤੇ ਹੋਰ ਵਧੇਰੇ ਹਮਲਾ ਕਰਨਾ।

"ਸੱਭਨਾਂ ਲਈ ਵਿਕਾਸ" ਦੇ ਨਾਲ-ਨਾਲ, ਮੋਦੀ ਦੀ ਮੁਹਿੰਮ ਨੇ ਪਰਿਵਰਤਨ ਦਾ ਵਾਅਦਾ ਕੀਤਾ ਸੀ। ਐਪਰ, ਨਵੀਂ ਸਰਕਾਰ ਦੀਆਂ ਕੁੱਝ ਸ਼ੁਰੁਆਤੀ ਕਾਰਵਾਈਆਂ ਵਿਖਾਉਂਦੀਆਂ ਹਨ ਕਿ ਇਹਦਾ ਏਜੰਡਾ ਉਸੇ ਪੁਰਾਣੇ ਸਰਮਾਏਦਾਰਾ ਸੁਧਾਰ ਪ੍ਰੋਗਰਾਮ ਨੂੰ ਲਾਗੂ ਕਰਨਾ ਹੈ।

ਸ਼ਹਿਰੀ ਹਵਾਬਾਜ਼ੀ ਦੇ ਨਵੇਂ ਮੰਤਰੀ ਨੇ ਸੰਕੇਤ ਦਿੱਤੇ ਹਨ ਕਿ ਉਹ ਜਲਦ ਹੀ, ਏਅਰ ਇੰਡੀਆ ਦੇ ਨਿੱਜੀਕਰਨ ਦੀ ਪਰਿਕ੍ਰਿਆ ਨੂੰ ਤੇਜ਼ ਕਰਨ ਲਈ ਕਦਮ ਉਠਾਏਗਾ। ਵਾਤਾਵਰਨ ਅਤੇ ਜੰਗਲਾਤ ਦੇ ਮਹਿਕਮੇ ਦੇ ਨਵੇਂ ਮੰਤਰੀ ਨੂੰ ਕਿਹਾ ਗਿਆ ਹੈ ਕਿ ਉਹ ਖਦਾਨਾਂ, ਇਸਪਾਤ ਅਤੇ ਬਿਜਲੀ ਖੇਤਰਾਂ ਵਿੱਚ, ਵੱਡੇ ਸਰਮਾਏਦਾਰਾਂ ਦੇ ਪ੍ਰਾਜੈਕਟਾਂ ਦੀਆਂ ਤਜ਼ਵੀਜਾਂ ਜਿੰਨੀਆਂ ਵੱਧ-ਤੋਂ-ਵੱਧ ਹੋ ਸਕਣ ਉਨ੍ਹਾਂ ਨੂੰ ਹਰੀ ਝੰਡੀ ਦੇ ਦੇਣ, ਜਿਹੜੀਆਂ ਵਾਤਾਵਰਣ ਸਬੰਧੀ ਚਿੰਤਾਵਾਂ ਕਾਰਨ ਜਾਂ ਕਬਾਇਲੀ ਲੋਕਾਂ ਵਲੋਂ ਵਿਰੋਧਤਾ ਦੇ ਕਾਰਨ ਠੱਪ ਪਈਆਂ ਸਨ।

ਜਮੀਨ ਅਧਿਗਰੈਹਣ ਦੇ ਵਿਵਾਦਪੂਰਨ ਸਵਾਲ ਦੇ ਮੁੱਦੇ 'ਤੇ ਭਾਜਪਾ, ਲੋਕ ਸਭਾ ਵਲੋਂ ਕਾਂਗਰਸ ਪਾਰਟੀ ਦੀ ਅਗਵਾਈ ਹੇਠਲੀ ਸੰਪ੍ਰਗ ਸਰਕਾਰ ਦੀ ਪਹਿਲ-ਕਦਮੀ 'ਤੇ ਪਾਸ ਕੀਤੇ ਗਏ ਜਮੀਨ ਅਧਿਗਰੈਹਣ ਕਨੂੰਨ ਦੀ ਹਮਾਇਤ ਕਰਦੀ ਹੈ। ਇਹ ਕਨੂੰਨ ਸਰਕਾਰ ਨੂੰ ਇਜ਼ਾਜਿਤ ਦਿੰਦਾ ਹੈ ਕਿ ਉਹ ਕਿਸਾਨਾਂ ਦੀ ਜਮੀਨ ਜਬਰਦਸਤੀ ਅਧਿਗਰੈਹਣ ਕਰਕੇ ਸਰਮਾਏਦਾਰ ਕੰਪਣੀਆਂ ਦੇ ਹਵਾਲੇ ਕਰ ਦੇਵੇ, ਬੇਸ਼ੱਕ ਉਸ ਜਮੀਨ ਉੱਤੇ ਕਾਸ਼ਤ ਕੀਤੀ ਜਾ ਰਹੀ ਹੋਵੇ।

ਦੂਸਰੇ ਲਫ਼ਜ਼ਾਂ ਵਿੱਚ, ਕੋਈ ਵੀ ਮੌਲਕ ਤਬਦੀਲੀ ਨਹੀਂ ਹੋਣ ਵਾਲੀ ਹੈ। ਇਹ ਸਰਕਾਰ, ਮਿਹਨਤਕਸ਼ ਜਨਤਾ ਅਤੇ ਕੁਦਰਤੀ ਵਾਤਾਵਰਣ ਦਾ ਨੁਕਸਾਨ ਕਰਕੇ, ਵੱਡੇ ਸਰਮਾਏਦਾਰਾਂ ਦੀਆਂ ਤਿਜ਼ੋਰੀਆਂ ਭਰਨ ਦੀ ਉਹੀ ਪੁਰਾਣੀ ਨੀਤੀ ਅਤੇ

ਪ੍ਰੋਗਰਾਮ ਲਾਗੂ ਕਰਨ ਲਈ ਵਚਨਬੱਧ ਹੈ। ਭਾਜਪਾ ਦਾ "ਸੱਭ ਲਈ ਵਿਕਾਸ" ਦਾ ਨਾਹਰਾ ਕਾਂਗਰਸ ਪਾਰਟੀ ਦੇ "ਸਮਾਵੇਸ਼ੀ ਵਿਕਾਸ" ਦੇ ਨਾਹਰੇ ਨਾਲੋਂ ਗੁਣਾਤਮਕ ਤੌਰ 'ਤੇ ਬਿਲਕੁੱਲ ਵੀ ਵੱਖਰਾ ਨਹੀਂ ਹੈ। ਭਾਜਪਾ ਅਤੇ ਕਾਂਗਰਸ ਪਾਰਟੀ, ਇੱਕੋ ਸਾਂਚੇ ਵਿੱਚ ਢਲੀਆਂ ਹੋਈਆਂ ਹਨ। ਉਹ ਇੱਕੋ ਜਮਾਤੀ ਹਿੱਤ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹ ਪ੍ਰਾਪੇਗੰਡਾ ਸਿਰਫ ਵੈਸਾ ਹੀ ਕਰਦੀਆਂ ਹਨ ਜੋ ਲੋਕ ਸੁਣਨਾ ਚਾਹੁੰਦੇ ਹਨ, ਅਤੇ ਜਦੋਂ ਸੱਤਾ ਵਿੱਚ ਹੁੰਦੀਆਂ ਹਨ ਤਾਂ ਬੜੀ ਸਖਤਾਈ ਨਾਲ ਵੱਡੇ ਸਰਮਾਏਦਾਰਾਂ ਦੇ ਹਿੱਤ 'ਚ ਕੰਮ ਕਰਦੀਆਂ ਹਨ, ਜਿਹੜੇ ਵੱਡੇ ਸਰਮਾਏਦਾਰ ਇਨ੍ਹਾਂ ਦੇ ਕੰਮਕਾਜ਼ ਲਈ ਪੈਸਾ ਲਾਉਂਦੇ ਹਨ।

ਵੱਡੇ ਸਰਮਾਏਦਾਰ ਇੱਕ ਅਜੇਹੀ ਸਰਕਾਰ ਚਾਹੁੰਦੇ ਹਨ ਜੋ ਇਹ ਯਕੀਨੀ ਬਣਾਏਗੀ ਕਿ ਮਜ਼ਦੂਰ ਜਮਾਤ ਦੇ ਵੱਧ-ਤੋਂ-ਵੱਧ ਸ਼ੋਸ਼ਣ ਅਤੇ ਕਿਸਾਨਾਂ, ਕਾਰੀਗਰਾਂ ਅਤੇ ਕਬਾਇਲੀ ਭਾਈਚਾਰਿਆਂ ਉੱਤੇ ਡਾਕੇ ਮਾਰ ਕੇ, ਉਨ੍ਹਾਂ ਦੇ ਲਾਲਚ ਅਤੇ ਵਿਸ਼ਵਿਕ ਮਨਸ਼ੇ, ਬਿਨਾਂ ਕਿਸੇ ਵੀ ਰੁਕਾਵਟ ਅਤੇ ਦੇਰੀਆਂ ਤੋਂ ਪੂਰੇ ਹੋਣ।

ਸਾਡੇ ਸਮਾਜ ਅੰਦਰ ਬੁਨਿਆਦੀ ਸਮੱਸਿਆ ਇਹ ਹੈ ਕਿ ਸਮਾਜਿਕ ਉਤਪਾਦਨ ਦੀ ਸਮੁੱਚੀ ਪਰਕ੍ਰਿਆ, ਸਰਮਾਏਦਾਰਾਂ ਦੀ ਵੱਧ-ਤੋਂ-ਵੱਧ ਮੁਨਾਫਿਆਂ ਦੇ ਲਾਲਚ ਤੋਂ ਪ੍ਰੇਰਿਤ ਹੈ। ਉਤਪਾਦਨ ਦੇ ਮੁੱਖ ਸਾਧਨ, ਜਿਵੇਂ ਕਿ ਖਾਨਾਂ ਤੇ ਕਾਰਖਾਨੇ, ਵਟਾਂਦਰੇ, ਆਵਾਜਾਈ ਤੇ ਢੋਅ-ਢੁਆਈ ਦੇ ਸਾਧਨ, ਅਤੇ ਸੰਚਾਰ ਸਰਮਾਏਦਾਰ ਕਾਰਪੋਰੇਸ਼ਨਾਂ ਦੇ ਹੱਥਾਂ ਵਿੱਚ ਹਨ। ਉਤਪਾਦਕ ਨਿਵੇਸ਼ ਸਿਰਫ ਉਦੋਂ ਅਤੇ ਉਥੇ ਹੀ ਕੀਤੇ ਜਾਂਦੇ ਹਨ ਜਦੋਂ ਅਤੇ ਜਿੱਥੇ ਵੱਡੇ ਸਰਮਾਏਦਾਰ ਵੱਧ-ਤੋਂ-ਵੱਧ ਮੁਨਾਫੇ ਬਟੋਰ ਸਕਦੇ ਹੋਣ। ਜਦੋਂ ਉਨ੍ਹਾਂ ਨੂੰ ਵੱਧ-ਤੋਂ-ਵੱਧ ਮੁਨਾਫੇ ਦੀ ਉਮੀਦ ਨਹੀਂ ਹੁੰਦੀ ਤਾਂ ਉਹ ਆਪਣੀ ਪੂੰਜੀ ਸੱਟੇਬਾਜ਼ੀ ਅਤੇ ਹੋਰ ਪ੍ਰਜੀਵੀ ਧੰਦਿਆਂ ਵਿੱਚ ਲਗਾਉਂਦੇ ਹਨ।

ਨਿੱਜੀ ਦੌਲਤ (ਸੰਪਤੀ) ਦਾ ਸਕੇਂਦਰੀਕਰਨ ਏਨਾ ਜ਼ਿਆਦਾ ਹੈ ਕਿ ਇਜਾਰੇਦਾਰ ਸਰਮਾਏਦਾਰ ਸੱਭ ਜਨਤਕ ਮਾਮਲਿਆਂ ਉਤੇ ਹਾਵੀ ਹਨ। ਸਰਕਾਰ ਉਨ੍ਹਾਂ ਨੂੰ ਵੱਧ-ਤੋਂ-ਵੱਧ ਮੁਨਾਫੇ ਬਟੋਰਦੇ ਰਹਿਣ ਦੇ ਯੋਗ ਬਣਾਉਂਦੀ ਹੈ। ਇਸ ਪਰਕ੍ਰਿਆ ਦੁਰਾਨ ਸਰਕਾਰ ਵੱਡੀਆਂ ਰਕਮਾਂ ਖਰਚ ਕਰਦੀ ਹੈ, ਵੱਡੇ "ਸਰਵਜਨਕ ਕਰਜ਼ੇ" ਚੜ੍ਹਵਾ ਲੈਂਦੀ ਹੈ ਅਤੇ ਫਿਰ ਤਰ੍ਹਾਂ-ਤਰ੍ਹਾਂ ਦੇ ਟੈਕਸਾਂ ਰਾਹੀਂ ਅਤੇ ਮੁਦਰਾਸਫੀਤੀ ਰਾਹੀਂ ਆਪਣਾ ਘਾਟਾ ਪੂਰਾ ਕਰਨ ਲਈ, ਸਾਡੇ ਉੱਤੇ ਆਰਥਕ ਬੋਝ ਵਧਾਉਂਦੀ ਰਹਿੰਦੀ ਹੈ।

ਅਗਾਂਹ ਨੂੰ ਸੱਭ ਮਿਹਨਤਕਸ਼ ਲੋਕਾਂ ਵਾਸਤੇ ਭਲੇ ਦਿਨ ਯਕੀਨੀ ਬਣਾਉਣ ਲਈ, ਇਹ ਜਰੂਰੀ ਹੈ ਕਿ ਸਾਡੇ ਜੀਵਨ-ਮਿਆਰਾਂ ਅਤੇ ਉਤਪਾਦਕ ਸਮਰੱਥਾ ਨੂੰ ਵਧਾਉਣ ਉੱਤੇ ਨਿਵੇਸ਼ ਕੀਤਾ ਜਾਵੇ। ਅਜੇਹੇ ਨਿਵੇਸ਼ ਯਕੀਨੀ ਬਣਾਉਣ ਲਈ, ਉਤਪਾਦਨ ਅਤੇ ਵਟਾਂਦਰੇ ਦੇ ਮੁੱਖ ਸਾਧਨਾਂ ਨੂੰ ਸਮਾਜਿਕ ਜਾਇਦਾਦ ਵਿੱਚ ਤਬਦੀਲ ਕਰਨਾ ਜਰੂਰੀ ਹੈ। ਵਿੱਤ ਅਤੇ ਵਿਉਪਾਰ ਦੇ ਕੌਮੀਕਰਨ ਤੇ ਸਮਾਜੀਕਰਨ ਦੀ ਫੌਰੀ ਅਤੇ ਸਖਤ ਜਰੂਰਤ ਹੈ। ਇੱਕ ਸਰਕਾਰੀ ਖ੍ਰੀਦ ਪ੍ਰਣਾਲੀ ਨਾਲ ਜੁੜੀ ਹੋਈ, ਇੱਕ ਆਧੁਨਿਕ ਸਰਵਵਿਆਪੀ ਸਰਵਜਨਕ ਵਿਤਰਣ ਪ੍ਰਣਾਲੀ ਕਾਇਮ ਕਰਨ ਲਈ ਇਹ ਜਰੂਰੀ ਕਦਮ ਹਨ।

ਇਹ ਜ਼ਾਹਰ ਹੈ ਕਿ ਕੋਈ ਵੀ ਪਾਰਟੀ ਜਿਹਨੂੰ ਸਰਮਾਏਦਾਰ ਫਾਸਣਾ ਦਿੰਦੇ ਹਨ, ਸਰਮਾਏਦਾਰਾਂ ਦੀ ਲਾਲਸਾ ਪੂਰੀ ਕਰਨ ਦੀ ਬਜਾਇ ਮਾਨਵੀ ਲੋੜਾਂ ਪੂਰੀਆਂ ਕਰਨ ਲਈ, ਆਰਥਕਤਾ ਨੂੰ ਨਵੀਂ ਦਿਸ਼ਾ ਦੇਣ ਵਾਲੇ ਅਜੇਹੇ ਉਪਾਅ ਲਾਗੂ ਨਹੀਂ ਕਰੇਗੀ। ਅਜੇਹੀ ਨਵੀਂ ਦਿਸ਼ਾ ਦੇਣ ਲਈ ਜਰੂਰਤ ਹੈ ਕਿ ਮਜ਼ਦੂਰ ਜਮਾਤ ਕਿਸਾਨਾਂ ਅਤੇ ਸਮਾਜ ਦੀਆਂ ਹੋਰ ਸੱਭ ਦੱਬੀਆਂ-ਕੁਚਲੀਆਂ ਜਮਾਤਾਂ ਅਤੇ ਤਬਕਿਆਂ ਨਾਲ ਗਠਜੋੜ ਬਣਾਕੇ ਸੱਤਾ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਵੇ। ਇਹਦੇ ਵਾਸਤੇ, ਜਮਹੂਰੀਅਤ ਦੀ ਪ੍ਰਣਾਲੀ ਅਤੇ ਇਸ ਦੀ ਰਾਜਨੀਤਕ ਪਰਿਕ੍ਰਿਆ ਵਿੱਚ ਮੌਲਿਕ ਤਬਦੀਲੀ ਲਿਆਉਣ ਦੀ ਜਰੂਰਤ ਹੈ।

ਅਸੀਂ ਮਿਹਨਤਕਸ਼, ਸਮਾਜ ਵਿੱਚ ਬਹੁਗਿਣਤੀ 'ਚ ਹਾਂ, ਐਪਰ ਮੌਜੂਦਾ ਰਾਜਨੀਤਕ ਪ੍ਰਣਾਲੀ ਅੰਦਰ ਇਹਦੀ ਦਿਸ਼ਾ ਤੈਅ ਕਰਨ ਵਿੱਚ ਸਾਡੀ ਕੋਈ ਸੁਣਵਾਈ ਨਹੀਂ ਹੈ। ਵੱਖ-ਵੱਖ ਸਰਮਾਏਦਾਰ ਧੜਿਆਂ ਦੀ ਹਮਾਇਤ ਪ੍ਰਾਪਤ ਪਾਰਟੀਆਂ, ਉਮੀਦਵਾਰਾਂ ਨੂੰ ਮਨੋਨੀਤ ਕਰਨ ਦੀ ਪਰਕ੍ਰਿਆ ਤੋਂ ਸ਼ੁਰੂ ਹੋ ਕੇ, ਸਮੁੱਚੀ ਚੋਣ ਪਰਕ੍ਰਿਆ ਉੱਤੇ ਹਾਵੀ ਰਹਿੰਦੀਆਂ ਹਨ। ਸੱਭ ਤੋਂ ਵੱਡੇ ਸਰਮਾਏਦਾਰ ਸਮੇਂ ਸਮੇਂ 'ਤੇ ਹੋਣ ਵਾਲੀਆਂ ਚੋਣਾਂ ਨੂੰ, ਇੱਕ ਬਦਨਾਮ ਹੋ ਚੁੱਕੀ ਪਾਰਟੀ ਦੀ ਥਾਂ ਕਿਸੇ ਹੋਰ ਪਾਰਟੀ ਨੂੰ ਲਿਆਉਣ ਲਈ ਵਰਤਦੇ ਹਨ, ਤਾਂ ਕਿ ਲੋਕਾਂ ਨੂੰ ਬੁੱਧੂ ਬਣਾ ਕੇ ਖੁਦ ਨੂੰ ਹੋਰ ਵਧੇਰੇ ਅਮੀਰ ਬਣਾਉਣ ਦਾ ਆਪਣਾ ਪ੍ਰੋਗਰਾਮ ਅੱਗੇ ਵਧਾ ਸਕਣ। ਇੱਕ ਰਾਜਨੀਤਕ ਪਾਰਟੀ ਜਿਹੜੀ ਕੁੱਲ ਵੋਟਰਾਂ ਵਿੱਚੋਂ 21% ਦੀਆਂ ਵੋਟਾਂ ਪ੍ਰਾਪਤ ਕਰ ਲੈਂਦੀ ਹੈ, ਉਹ ਸੰਸਦ ਦੀਆਂ 52% ਸੀਟਾਂ 'ਤੇ ਕਬਜਾ ਕਰਨ ਦੇ ਕਾਬਲ ਬਣ ਜਾਂਦੀ ਹੈ, ਜਿਵੇਂ ਭਾਜਪਾ ਨੇ ਹੁਣੇ ਕੀਤਾ ਹੈ।

ਜਮਹੂਰੀਅਤ ਦੀ ਮੌਜੂਦਾ ਪ੍ਰਣਾਲੀ ਤੱਤ ਰੂਪ ਵਿੱਚ ਸਰਮਾਏਦਾਰੀ ਦੀ ਡਿਕਟੇਟਰਸ਼ਿੱਪ ਹੈ। ਇਹ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਮਿਹਨਤਕਸ਼ ਲੋਕਾਂ ਉੱਤੇ ਲੋਟੂ ਘੱਟ-ਗਿਣਤੀ ਦੀ ਹਕੂਮਤ ਹੈ। ਸਰਮਾਏਦਾਰੀ ਚੋਣ ਪੇਟੀ ਅਤੇ ਬੰਦੂਕ ਦੀ ਗੋਲ਼ੀ (ਬੈਲਟ ਐਂਡ ਬੁਲਿਟ), ਦੋਨਾਂ ਨਾਲ ਹਕੂਮਤ ਚਲਾਉਂਦੀ ਹੈ। ਜਿਸ ਪਰਿਵਰਤਨ ਦੀ ਸਾਨੂੰ ਜਰੂਰਤ ਹੈ ਉਹ ਹੈ ਇਹਦੀ ਜਗ੍ਹਾ ਇੱਕ ਬੇਹਤਰ ਵਿਵਸਥਾ ਕਾਇਮ ਕਰਨਾ ਜਿਸ ਅੰਦਰ ਮਜ਼ਦੂਰ, ਕਿਸਾਨ ਅਤੇ ਹੋਰ ਮਿਹਨਤਕਸ਼ ਲੋਕ ਹੁਕਮਰਾਨ ਹੋਣਗੇ, ਅਤੇ ਰਾਜ (ਸਟੇਟ) ਇੱਕ ਅਜੇਹਾ ਰਾਜ ਹੋਵੇਗਾ, ਜੋ ਉਨ੍ਹਾਂ ਦੇ ਅਧਿਕਾਰਾਂ ਦੀ ਰਖਵਾਲੀ ਕਰੇਗਾ। ਸਾਨੂੰ ਇੱਕ ਐਸੇ ਰਾਜ ਅਤੇ ਰਾਜਨੀਤਕ ਪਰਕ੍ਰਿਆ ਦੀ ਜਰੂਰਤ ਹੈ ਜੋ ਇਹ ਯਕੀਨੀ ਬਣਾਉਣ ਕਿ ਲੋਕ ਪ੍ਰਭੁਸੱਤ ਹਨ ਅਤੇ ਚੁਣੀਆਂ ਗਈਆਂ ਸੰਸਥਾਵਾਂ ਉਨ੍ਹਾਂ ਦੇ ਮਾਤਹਿਤ ਹਨ।

ਸਾਨੂੰ ਇੱਕ ਐਸੀ ਰਾਜਨੀਤਕ ਪਰਕ੍ਰਿਆ ਦੀ ਲੋੜ ਹੈ ਜਿਹਦੇ ਅੰਦਰ ਪਾਰਟੀਆਂ ਉਮੀਦਵਾਰਾਂ ਨੂੰ ਮਨੋਨੀਤ ਕਰਨ 'ਚ ਹਾਵੀ ਨਾ ਹੋ ਸਕਣ ਅਤੇ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਸਰਮਾਏਦਾਰਾਂ ਦੀ ਘੱਟ-ਗਿਣਤੀ ਦੇ ਪ੍ਰਤੀਨਿੱਧਾਂ ਨਾਲ ਭਰਨ ਲਈ ਪੈਸੇ ਦੀ ਤਾਕਤ ਦਾ ਇਸਤੇਮਾਲ ਨਾ ਕਰ ਸਕਣ। ਮਜ਼ਦੂਰਾਂ ਅਤੇ ਕਿਸਾਨਾਂ ਕੋਲ ਜਰੂਰ ਹੀ ਇਹ ਸਮਰੱਥਾ ਹੋਣੀ ਚਾਹੀਦੀ ਹੈ ਕਿ ਉਹ ਫੈਸਲੇ ਲੈਣ ਵਾਲੀਆਂ ਉਚਤਮ ਸੰਸਥਾਵਾਂ ਲਈ ਆਪਣੇ ਸੱਭ ਤੋਂ ਵਧੀਆ ਪ੍ਰਤੀਨਿੱਧ ਮਨੋਨੀਤ ਕਰਕੇ ਉਨ੍ਹਾਂ ਨੂੰ ਚੁਣ ਸਕਣ, ਅਤੇ ਏਜੰਡਾ ਤੈਅ ਕਰਨ ਵਿੱਚ ਹਿੱਸਾ ਲੈ ਸਕਣ। ਅਜੇਹੀ ਪ੍ਰਣਾਲੀ ਅੰਦਰ ਇੱਕ ਰਾਜਨੀਤਕ ਪਾਰਟੀ ਦੀ ਇਹ ਲਾਜ਼ਮੀ ਜਿਮੇਵਾਰੀ ਹੋਵੇਗੀ ਕਿ ਉਹ ਮਿਹਨਤਕਸ਼ ਬਹੁ-ਗਿਣਤੀ ਨੂੰ ਹਕੂਮਤ ਕਰਨ ਦਾ ਆਪਣਾ ਅਧਿਕਾਰ ਇਸਤੇਮਾਲ ਕਰਨ ਦੇ ਸਮਰੱਥ ਬਣਾਵੇ।

ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਸ ਗੱਲ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ, ਜਿਵੇਂ ਵਰਤਮਾਨ ਸਮੇਂ 'ਚ ਕੀਤਾ ਜਾਂਦਾ ਹੈ, ਕਿ ਉਹ ਫੈਸਲੇ ਲੈਣ ਦੀ ਸਾਰੀ ਤਾਕਤ ਚੁਣੇ ਹੋਏ ਪ੍ਰਤੀਨਿੱਧੀਆਂ ਦੇ ਹੱਥਾਂ ਵਿੱਚ ਸੌਂਪ ਦੇਣ। ਉਨ੍ਹਾਂ ਕੋਲ ਚੁਣੇ ਗਏ ਪ੍ਰਤੀਨਿਧੀਆਂ ਤੋਂ ਲੇਖਾ-ਜੋਖਾ ਲੈਣ ਅਤੇ ਆਪਣੇ ਵਲੋਂ ਚੁਣੇ ਗਏ ਨੂੰ ਕਦੇ ਵੀ ਵਾਪਸ ਬੁਲਾਉਣ ਦੀ ਤਾਕਤ ਹੋਣੀ ਚਾਹੀਦੀ ਹੈ। ਉਨ੍ਹਾਂ ਕੋਲ ਲਾਜ਼ਮੀ ਹੀ ਕਨੂੰਨ ਬਣਾਉਣ ਅਤੇ ਬਦਲਣ ਦਾ, ਅਤੇ ਸੰਵਿਧਾਨ ਨੂੰ ਨਵੇਂ ਸਿਰਿਉਂ ਲਿਖਣ ਦਾ ਵੀ, ਅਧਿਕਾਰ ਹੋਣਾ ਚਾਹੀਦਾ ਹੈ।

ਸਾਨੂੰ ਇੱਕ ਨਵਾਂ ਸੰਵਿਧਾਨ ਸਥਾਪਤ ਕਰਨ ਦੀ ਲੋੜ ਹੈ, ਜਿਹੜਾ ਲੋਕਾਂ ਦੀ ਪ੍ਰਭੁਸੱਤਾ ਅਤੇ ਮਨੁੱਖੀ ਅਧਿਕਾਰਾਂ, ਜਮਹੂਰੀ ਅਤੇ ਕੌਮੀ ਅਧਿਕਾਰਾਂ ਦੀ ਨਾ-ਉਲੰਘਣਯੋਗਤਾ (ਅਭੰਗਤਾ) ਦੀ ਗਰੰਟੀ ਦੇਵੇ। ਸੰਖੇਪ ਵਿੱਚ, ਸਾਨੂੰ ਇੱਕ ਨਵੇਂ ਰਾਜ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਹਕੂਮਤ ਦੀ ਲੋੜ ਹੈ। ਇਹ ਮੌਜੂਦਾ ਪ੍ਰਣਾਲੀ ਦਾ ਬਦਲ ਹੈ।

ਸਰਮਾਏਦਾਰੀ ਦੀ ਡਿਕਟੇਟਰਸ਼ਿਪ ਦੀ ਜਗ੍ਹਾ ਲਾਜ਼ਮੀ ਹੀ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ, ਜਾਣੀ ਕਿ ਮਿਹਨਤਕਸ਼ ਬਹੁ-ਗਿਣਤੀ ਦੀ ਹਕੂਮਤ, ਸਥਾਪਤ ਕਰਨੀ ਹੋਵੇਗੀ। ਸਿਰਫ ਮਿਹਨਤਕਸ਼ਾਂ ਦੀ ਨਵੀਂ ਰਾਜਸੱਤਾ ਹੀ ਆਰਥਕਤਾ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਮਿਹਨਤ ਕਰਨ ਵਾਲਿਆਂ ਦਾ ਸਤਿਕਾਰ ਹੋਵੇ ਅਤੇ ਉਹ ਆਪਣੀ ਸੰਮਿਲਤ ਕਿਰਤ ਨਾਲ

ਪੈਦਾ ਕੀਤੀ ਦੌਲਤ ਦਾ ਅਨੰਦ ਮਾਣ ਸਕਣ। ਤਦ ਹਿੰਦੋਸਤਾਨੀ ਸਮਾਜ ਨਵੀਆਂ ਨੀਹਾਂ ਉਤੇ, ਇੱਕ ਆਧੁਨਿਕ ਸੱਭਿਆ ਸਮਾਜ ਦੇ ਤੌਰ 'ਤੇ ਉਭਰੇਗਾ।

ਕਮਿਊਨਿਸਟ ਗ਼ਦਰ ਪਾਰਟੀ, ਚੋਣ ਅਖਾੜੇ ਦਾ ਇਸਤੇਮਾਲ ਮੌਜੂਦਾ ਪ੍ਰਣਾਲੀ ਦਾ ਪਰਦਾਫਾਸ਼ ਕਰਨ ਲਈ ਅਤੇ ਇਹਦਾ ਇਨਕਲਾਬੀ ਪਰਿਵਰਤਨ ਕਰਨ ਦੇ ਪ੍ਰੋਗਰਾਮ ਦੇ ਦੁਆਲੇ ਰਾਜਨੀਤਕ ਏਕਤਾ ਉਸਾਰਣ ਲਈ ਕਰਦੀ ਹੈ। ਹਾਲ ਦੀਆਂ ਚੋਣਾਂ ਵਿੱਚ ਅਸੀਂ ਇੱਕ ਘੋਸ਼ਣਾਪੱਤਰ ਸਹਿਤ ਹਿੱਸਾ ਲਿਆ ਸੀ, ਜਿਹਦੇ 'ਚ ਬੜੇ ਜੋਰਦਾਰ ਸ਼ਬਦਾਂ ਵਿੱਚ ਹਿੰਦੋਸਤਾਨੀ ਗਣਰਾਜ ਦਾ ਪੁਨਰ-ਗਠਨ ਕਰਨ ਅਤੇ ਸਭਨਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਆਰਥਕਤਾ ਨੂੰ ਨਵੀਂ ਦਿਸ਼ਾ ਦੇਣ ਦਾ ਬਦਲਵਾਂ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਾਡਾ ਮੰਨਣਾ ਹੈ ਕਿ ਅਗਰ ਮਿਹਨਤਕਸ਼ਾਂ ਦੀਆਂ ਸੱਭ ਪਾਰਟੀਆਂ ਅਤੇ ਜਥੇਬੰਦੀਆਂ ਇਸ ਪ੍ਰੋਗਰਾਮ ਦੁਆਲੇ ਇੱਕਮੁੱਠ ਹੋ ਜਾਣ ਤਾਂ ਰਾਜਨੀਤਕ ਮੰਚ 'ਤੇ ਇੱਕ ਇਨਕਲਾਬੀ ਵਿਰੋਧੀ ਤਾਕਤ ਹੋਂਦ 'ਚ ਆ ਜਾਵੇਗੀ।

ਸਾਡਾ ਉਦੇਸ਼ ਸਿਰਫ ਇੱਕ "ਕਾਂਗਰਸ-ਮੁਕਤ ਭਾਰਤ" ਨਹੀਂ ਹੈ। ਸਾਡਾ ਉਦੇਸ਼ ਇੱਕ ਅਜੇਹਾ ਹਿੰਦੋਸਤਾਨ ਹੈ ਜੋ ਸਰਮਾਏਦਾਰ ਜਮਾਤ ਦੀ ਹਕੂਮਤ ਤੋਂ ਮੁਕਤ ਹੋਵੇ, ਲੋਟੂ ਆਰਥਕ ਪ੍ਰਣਾਲੀ ਤੋਂ ਅਤੇ ਨਿਵੇਕਲੀ ਤੇ ਜ਼ਾਬਰ ਰਾਜਨੀਤਕ ਪ੍ਰਣਾਲੀ ਤੋਂ ਮੁਕਤ ਹੋਵੇ। ਮਜਦੂਰਾਂ ਅਤੇ ਕਿਸਾਨਾਂ ਦੀ ਹਕੂਮਤ, ਦੇਸੀ ਅਤੇ ਵਿਦੇਸ਼ੀ ਪੂੰਜੀ ਹੱਥੋਂ ਸਾਡੀ ਧਰਤ ਅਤੇ ਮਿਹਨਤ ਦੀ ਲੁੱਟ-ਖਸੁੱਟ ਨੂੰ ਖਤਮ ਕਰ ਦੇਵੇਗੀ। ਅਸੀਂ ਬਸਤੀਵਾਦ, ਸਾਮੰਤਵਾਦ ਅਤੇ ਜਾਤ ਅਧਾਰਤ ਦਰਜਾਬੰਦੀ ਨੂੰ ਹੂੰਝਾ ਫੇਰ ਦਿਆਂਗੇ।

ਅਸੀਂ, ਮਜਦੂਰ ਜਮਾਤ ਦੇ ਕਾਰਜਕਰਤਾਵਾਂ ਨੂੰ ਸੱਦਾ ਦਿੰਦੇ ਹਾਂ ਕਿ ਸਾਡੀ ਪਾਰਟੀ ਵਿੱਚ ਸ਼ਾਮਲ ਹੋਵੋ ਅਤੇ ਇਨਕਲਾਬ ਅਤੇ ਸਮਾਜਵਾਦ ਲਈ ਕੰਮ ਕਰੋ! ਆਓ ਅਤੇ ਪ੍ਰੋਲੇਤਾਰੀਅਨ ਜਮਾਤੀ ਸੰਘਰਸ਼ ਦੀ ਆਗੂ ਜਥੇਬੰਦੀ ਨੂੰ ਮਜਬੂਤ ਕਰੋ!

ਅਸੀਂ ਸੱਭ ਕਮਿਊਨਿਸਟਾਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ 'ਚ ਹੋਣ, ਸੱਦਾ ਦਿੰਦੇ ਹਾਂ ਕਿ ਉਹ ਹੁਕਮਰਾਨ ਸਰਮਾਏਦਾਰ ਜਮਾਤ ਅਤੇ ਇਸਦੇ ਸਮਾਜ-ਦੋਖੀ ਪ੍ਰੋਗਰਾਮ ਨੂੰ ਚੁਣੌਤੀ ਦੇਣ ਲਈ, ਆਪਣੀ ਪੂਰੀ ਤਾਕਤ ਇੱਕ ਇਨਕਲਾਬੀ ਰਾਜਨੀਤਕ ਮੋਰਚੇ ਬਤੌਰ ਏਕਤਾਬੱਧ ਮਜਦੂਰ-ਕਿਸਾਨ ਵਿਰੋਧਤਾ ਉਸਾਰਨ ਉੱਤੇ ਕੇਂਦਰਤ ਕਰਨ। ਆਓ, ਸਮੁੱਚੀ ਲੁੱਟੀਂਦੀ ਅਤੇ ਦੱਬੀ-ਕੁਚਲੀ ਜਨਤਾ ਨੂੰ ਅਗਵਾਈ ਦੇਣ ਵਾਲੀ ਰਾਜਨੀਤਕ ਤੌਰ 'ਤੇ ਏਕਤਾਬੱਧ ਮਜਦੂਰ ਜਮਾਤ ਦੇ ਆਗੂ ਦੀ ਭੂਮਿਕਾ ਨਿਭਾਉਣ ਲਈ, ਕਮਿਊਨਿਸਟਾਂ ਦੀ ਏਕਤਾ ਬਹਾਲ ਕਰਨ ਦੀ ਦਿਸ਼ਾ 'ਚ ਕੰਮ ਕਰੀਏ!

ਅਸੀਂ, ਮਜਦੂਰਾਂ ਤੇ ਕਿਸਾਨਾਂ ਦੀਆਂ ਸੱਭ ਯੂਨੀਅਨਾਂ ਅਤੇ ਔਰਤਾਂ ਤੇ ਨੌਜਵਾਨਾਂ ਦੀਆਂ ਸੱਭ ਜਥੇਬੰਦੀਆਂ ਨੂੰ ਸੱਦਾ ਦਿੰਦੇ ਹਾਂ ਕਿ ਲੋਕਾਂ ਦੇ ਹੱਥਾਂ ਵਿੱਚ ਪ੍ਰਭੁਸੱਤਾ ਦੇਣ ਲਈ, ਅਤੇ ਸੱਭਨਾਂ ਦੀਆਂ ਲੋੜਾਂ ਪੂਰੀਆਂ ਕਰਨ ਵੱਲ ਆਰਥਕਤਾ ਨੂੰ ਨਵੀਂ ਦਿਸ਼ਾ ਦੇਣ ਲਈ, ਰਾਜਨੀਤਕ ਪ੍ਰਣਾਲੀ ਦਾ ਪੁਨਰ-ਗਠਨ ਕਰਨ ਦੇ ਪ੍ਰੋਗਰਾਮ ਦੇ ਦੁਆਲੇ ਇੱਕਮੁੱਠ ਹੋ ਜਾਓ!

ਆਓ ਆਪਾਂ ਮਜਦੂਰਾਂ ਤੇ ਕਿਸਾਨਾਂ ਦੀ ਹਕੂਮਤ ਕਾਇਮ ਕਰਨ ਅਤੇ ਆਪਣੇ ਸਮਾਜ ਦੇ ਸਰਵ-ਪੱਖੀ ਵਿਕਾਸ ਦਾ ਰਾਹ ਖੋਲ੍ਹਣ ਦੀ ਤਿਆਰੀ ਕਰੀਏ, ਤਾਂ ਜੋ ਸਾਡੇ ਲੋਕ ਸੱਚਮੁੱਚ ਹੀ 'ਭਲੇ ਦਿਨਾਂ' ਦਾ ਆਨੰਦ ਮਾਣ ਸਕਣ! ■

---

## ... ਬਲੂ ਸਟਾਰ ਦੀ ਸੱਚਾਈ

**ਸਫਾ 1 ਦੀ ਬਾਕੀ**

ਦਿਵਾਉਣ ਲਈ ਸੰਘਰਸ਼ ਕਰਦੇ ਆ ਰਹੇ ਹਨ, ਤੋਂ ਇਲਾਵਾ ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਕਾਮਰੇਡ ਪ੍ਰਕਾਸ਼ ਰਾਓ ਨੇ ਵੀ ਸੰਬੋਧਨ ਕੀਤਾ। ਇਸ ਮੌਕੇ 'ਤੇ ਬਹੁਤ ਸਾਰੇ ਨੌਜੁਆਨਾਂ ਨੇ ਵਿਚਾਰ ਚਰਚਾ ਵਿਚ ਹਿੱਸਾ ਲਿਆ ਅਤੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਨ੍ਹਾਂ ਕਵਿਤਾਵਾਂ ਵਿਚ ਉਨ੍ਹਾਂ ਨੇ ਬੇਇਨਸਾਫੀ ਖਿਲਾਫ ਆਪਣਾ ਗੁੱਸਾ ਪ੍ਰਗਟ ਕੀਤਾ ਅਤੇ ਸਭਨਾਂ ਨੂੰ ਇਕਮੁੱਠ ਹੋ ਕੇ ਸੰਘਰਸ਼ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ।

ਵਿਚਾਰ ਚਰਚਾ ਵਿਚ ਭਾਗ ਲੈ ਰਹੇ ਸਭਨਾਂ ਨੇ ਇਕਮੱਤ ਨਾਲ ਹਿੰਦੋਸਤਾਨੀ ਰਾਜ ਦੁਆਰਾ ਦਰਬਾਰ ਸਾਹਿਬ ਉੱਤੇ ਕੀਤੇ ਗਏ ਭਿਅੰਕਰ ਹਮਲੇ ਦੀ ਪੁਰਜ਼ੋਰ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਪਰੇਸ਼ਨ ਬਲੂ ਸਟਾਰ ਬਰਤਨਾਵੀ ਬਸਤੀਵਾਦੀ ਸੈਨਾ ਦੁਆਰਾ ਜੱਲ੍ਹਿਆਂ ਵਾਲਾ ਬਾਗ ਵਿਚ ਕੀਤੇ ਗਏ ਕਤਲੇਆਮ ਦੀ ਤਰ੍ਹਾਂ ਹੀ ਹੈ। ਜਿਸ ਤਰ੍ਹਾਂ ਬਰਤਾਨਵੀ ਸ਼ਾਸਕਾਂ ਨੇ ਜੱਲ੍ਹਿਆਂ ਵਾਲਾ ਬਾਗ ਨੂੰ ਘੇਰ ਕੇ ਅੰਦਰ ਫਸੇ ਹੋਏ ਲੋਕਾਂ 'ਤੇ ਗੋਲੀ ਚਲਾਈ ਸੀ, ਠੀਕ ਉਸੇ ਤਰ੍ਹਾਂ ਹਿੰਦੋਸਤਾਨੀ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਫਸੇ ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਸੀ। ਅਨੇਕ ਤੱਥਾਂ ਸਹਿਤ ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਹਰਮੰਦਿਰ ਸਾਹਿਬ 'ਤੇ ਹਮਲੇ ਦੀ ਯੋਜਨਾ ਇੱਕ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਬਣਾਈ ਗਈ ਸੀ ਅਤੇ ਇਸ ਹਮਲੇ ਦੀ ਯੋਜਨਾ ਬਣਾਉਣ ਵਿਚ ਹਿੰਦੋਸਤਾਨੀ ਰਾਜ ਨੇ ਬਰਤਾਨਵੀ ਸਾਮਰਾਜਵਾਦੀਆਂ ਦੇ ਨਾਲ ਕਾਫੀ ਨਜ਼ਦੀਕੀ ਸਾਂਠ-ਗਾਂਠ ਕੀਤੀ ਸੀ।

ਬੁਲਾਰਿਆਂ ਨੇ ਦਰਬਾਰ ਸਾਹਿਬ 'ਤੇ ਹਮਲੇ ਲਈ ਹਿੰਦੋਸਤਾਨੀ ਰਾਜ ਵਲੋਂ ਦਿੱਤੇ ਗਏ ਬਹਾਨੇ ਕਿ 'ਕੋਈ ਹੋਰ ਚਾਰਾ ਨਹੀਂ ਸੀ' ਦਾ ਇਕਮੱਤ ਹੋ ਕੇ ਖੰਡਨ ਕੀਤਾ। ਉਨ੍ਹਾਂ ਦੱਸਿਆ ਕਿ ਹਿੰਦੋਸਤਾਨ ਦੀ ਉਸ ਸਮੇਂ ਦੀ ਮੌਜੂਦਾ ਸਰਕਾਰ ਨੇ ਫੈਸਲਾ ਕਰ ਲਿਆ ਸੀ ਕਿ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਅਤੇ ਵੱਡੇ ਪੱਧਰ 'ਤੇ ਸਿੱਖ ਧਰਮ ਦੇ ਲੋਕਾਂ ਨੂੰ ਸ਼ਿਕਾਰ ਬਣਾਉਣਾ ਸ਼ਾਸਕ ਵਰਗ ਲਈ ਇੱਕ ਰਾਜਨੀਤਕ ਲੋੜ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਾਂ ਅਕਾਲੀ ਦਲ ਦੁਆਰਾ ਉਠਾਏ ਗਏ ਮੁੱਦਿਆਂ 'ਤੇ ਸਰਕਾਰ ਸਮਝੌਤਾ ਕਰਨਾ ਹੀ ਨਹੀਂ ਸੀ ਚਾਹੁੰਦੀ।

ਆਪਣੇ ਸੰਬੋਧਨ ਵਿਚ ਲੋਕ ਰਾਜ ਸੰਗਠਨ ਦੇ ਸ਼੍ਰੀ ਐਸ. ਰਾਘਵ ਨੇ ਕਿਹਾ ਕਿ ਰਾਜ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਦੇਸ਼ ਦੇ ਹਰ ਨਾਗਰਿਕ ਦੀ ਰੱਖਿਆ ਕਰੇ। ਸਰਕਾਰ ਦਾ ਇਹ ਵੀ ਫਰਜ਼ ਹੁੰਦਾ ਹੈ ਕਿ ਉਹ ਹਰੇਕ ਨਾਗਰਿਕ ਦੇ ਜ਼ਮੀਰ ਦੇ ਅਧਿਕਾਰ ਦੀ ਰੱਖਿਆ ਕਰੇ। ਜਦ ਰਾਜ ਕਿਸੇ ਖ਼ਾਸ ਧਰਮ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਤਾਂ ਇਹ ਇੱਕ ਫ਼ਿਰਕੂ ਕਰਵਾਈ ਹੁੰਦੀ ਹੈ ਅਤੇ ਸਭਨਾਂ ਲੋਕਾਂ ਦੇ ਖਿਲਾਫ ਇਹ ਇੱਕ ਭਿਆਨਕ ਅਪਰਾਧ ਹੁੰਦਾ ਹੈ।









ਸ਼੍ਰੀ ਰਾਘਵਨ ਨੇ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਮਹੱਤਵਪੂਰਨ ਮੁੱਦਿਆਂ ਉੱਤੇ ਜ਼ੋਰ ਦਿੱਤਾ:

ਅਪਰੇਸ਼ਨ ਬਲੂ ਸਟਾਰ ਦਾ ਮਕਸਦ ਪੰਜਾਬ ਅਤੇ ਪੂਰੇ ਦੇਸ਼ ਵਿਚ ਫ਼ਿਰਕੂ ਤਣਾਅ ਦਾ ਮਾਹੌਲ ਬਣਾਉਣਾ ਸੀ ਤਾਂ ਕਿ ਲੋਕਾਂ ਨੂੰ ਧਾਰਮਿਕ ਭਾਵਨਾਵਾਂ ਦੇ ਆਧਾਰ ’ਤੇ ਇੱਕ ਦੂਸਰੇ ਖਿਲਾਫ ਭੜਕਾਇਆ ਜਾ ਸਕੇ। ਇਸ ਸਮੇਂ ਦੌਰਾਨ ਲੋਕਾਂ ਦੀ ਆਵਾਜ਼ ਨੂੰ ਖੁਲ੍ਹੇ ਤੌਰ ’ਤੇ ਰਾਜਕੀ ਹਿੰਸਾ ਦੇ ਜ਼ਰੀਏ ਦੱਬਿਆ ਗਿਆ। ਪੰਜਾਬੀ ਲੋਕਾਂ ਦੇ ਰਾਸ਼ਟਰੀ ਹੱਕਾਂ ਨੂੰ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਹੱਕਾਂ ਦੇ ਲਈ ਇੱਕ ਰਾਜਨੀਤਕ ਅੰਦੋਲਨ ਨੂੰ “ਕਾਨੂੰਨ ਅਤੇ ਵਿਵਸਥਾ” ਦੀ ਸਮੱਸਿਆ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

ਇੰਦਰਾ ਗਾਂਧੀ ਦੀ ਪ੍ਰਧਾਨਗੀ ਵਾਲੀ ਕੇਂਦਰ ਸਰਕਾਰ ਨੇ ਜਾਣਬੁੱਝ ਕੇ ਲੋਕਾਂ ਅੱਗੇ ਝੂਠ ਬੋਲਿਆ ਕਿ ਦੇਸ਼ ਵਿਚ ਸਿੱਖ ਅੱਤਵਾਦ ਅਤੇ ਰੂੜ੍ਹੀਵਾਦ ਦਾ ਖਤਰਾ ਸੀ ਅਤੇ ਉਸ ਤੋਂ ਬਚਾਉਣ ਲਈ ਦਰਬਾਰ ਸਾਹਿਬ ’ਤੇ ਹਮਲਾ ਕਰਨ ਦੇ ਸਿਵਾਏ ਹੋਰ ਕੋਈ ਬਦਲ ਨਹੀਂ ਸੀ।





ਆਜ਼ਾਦੀ ਦੇ ਬਾਅਦ, ਕਦੀ ਇਸ ਸਮੁਦਾਇ ਦੇ ਖਿਲਾਫ਼ ਤਾਂ ਕਦੀ ਉਸ ਸਮੁਦਾਇ ਦੇ ਖਿਲਾਫ਼, ਸੰਪਰਦਾਇਕ ਹਿੰਸਾ ਦੇ ਵਾਰ-ਵਾਰ ਹੋਣ ਅਤੇ ਰਾਜਕੀ ਅੱਤਵਾਦ ਦੇ ਇਸਤੇਮਾਲ ਤੋਂ ਪਤਾ ਲੱਗਦਾ ਹੈ ਕਿ ਫੁੱਟ ਪਾ ਕੇ ਰਾਜ ਕਰਨ ਦੇ ਬਸਤੀਵਾਦੀ ਤਰੀਕੇ ਦਾ ਇਸਤੇਮਾਲ ਅੱਜ ਵੀ ਚੱਲ ਰਿਹਾ ਹੈ। ਅੱਜ ਵੀ ਉਹੀ ਕਾਨੂੰਨ ਅਤੇ ਸਜ਼ਾ ਦੀ ਪ੍ਰਕਿਰਿਆ ਲਾਗੂ ਹੈ ਜੋ ਬਸਤੀਵਾਦੀ ਕਾਲ ਵਿਚ ਲਾਗੂ ਸੀ, ਜਿਸ ਦੇ ਤਹਿਤ ਹਿੰਦੁਸਤਾਨੀਆਂ ਦੇ ਨਾਲ ਗੁਨਾਹਗਾਰਾਂ ਵਾਂਗ ਵਰਤਾਓ ਕੀਤਾ ਜਾਂਦਾ ਸੀ। ਸ਼ਾਸਨ ਕਰਨ ਵਾਲੀਆਂ ਪਾਰਟੀਆਂ ਲੋਕਾਂ ਦੇ ਖਿਲਾਫ਼ ਰਾਜ ਵਿਵਸਥਾ ਦਾ ਇਸਤੇਮਾਲ ਕਰਦੀਆਂ ਹਨ ਅਤੇ ਹਰ ਤਰ੍ਹਾਂ ਦੇ ਅਪਰਾਧ ਕਰਕੇ ਸਜ਼ਾ ਤੋਂ ਮੁਕਤ ਰਹਿੰਦੀਆਂ ਹਨ।

ਆਪਰੇਸ਼ਨ ਬਲੂ ਸਟਾਰ ਦੇ ਬਾਰੇ ਸੱਚਾਈ ਨੂੰ ਸਾਹਮਣੇ ਲਿਆਉਣਾ, ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਇਸ ਤਰ੍ਹਾਂ ਦੇ ਘਿਨਾਉਣੇ ਅਪਰਾਧਾਂ ਨੂੰ ਸਦਾ ਲਈ ਖਤਮ ਕਰਨ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਹੋਵੇਗਾ। ਪਰ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਅਸੀਂ ਸੱਤਾਧਾਰੀ ਪਾਰਟੀ ਜਾਂ ਮੌਜੂਦਾ ਰਾਜ ਦੀ ਕਿਸੇ ਵੀ ਏਜੰਸੀ ’ਤੇ ਭਰੋਸਾ ਨਹੀਂ ਰੱਖ ਸਕਦੇ। ਇਸ ਦਾ ਕਾਰਨ ਹੈ ਕਿ ਮੌਜੂਦਾ ਰਾਜ ਵਿਵਸਥਾ ਨੂੰ ਬਸਤੀਵਾਦੀ ਅਤੇ ਸੰਪਰਦਾਇਕ ਨੀਂਹ ’ਤੇ ਬਣਾਇਆ ਗਿਆ ਹੈ। ਬਸਤੀਵਾਦੀ ਰਾਜ ਦੀ ਤਰ੍ਹਾਂ ਹੀ, ਇਹ ਵੀ ਲੋਕਾਂ ਨਾਲ ਦੁਸ਼ਮਣੀ ਵਾਲਾ ਵਿਵਹਾਰ ਕਰਦੀ ਹੈ।

ਨਿਆਂ ਦੇ ਲਈ ਲੋਕ ਅੰਤਰਰਾਸ਼ਟਰੀ ਏਜੰਸੀਆਂ ’ਤੇ ਵੀ ਭਰੋਸਾ ਨਹੀਂ ਕਰ ਸਕਦੇ। ਇਸ ਦਾ ਕਾਰਣ ਹੈ ਕਿ ਨਸਲਵਾਦ, ਸੰਪਰਦਾਇਕਤਾ ਅਤੇ ਬਹਿਕਾਉਣ ਵਾਲੀਆਂ ਸੂਚਨਾਵਾਂ ਫੈਲਾਅ ਕੇ ਲੋਕਾਂ ਦੇ ਹੱਕਾਂ ਨੂੰ ਕੁਚਲਣ ਵਾਲੇ ਸੱਭ ਤੋਂ ਵੱਡੇ ਅਪਰਾਧੀ ਸਾਮਰਾਜਵਾਦੀ ਰਾਜ ਹੀ ਵਿਸ਼ਵ ਪੱਧਰ ਦੇ ਮਾਮਲਿਆਂ ’ਤੇ ਹਾਵੀ ਹਨ।

ਸਿਰਫ਼ ਲੋਕਾਂ ਦਾ ਏਕਤਾਬੱਧ ਸੰਘਰਸ਼ ਹੀ ਸੱਚਾਈ ਨੂੰ ਸਾਹਮਣੇ ਲਿਆ ਸਕਦਾ ਹੈ ਅਤੇ ਸਮੱਸਿਆਵਾਂ ਦਾ ਹੱਲ ਕੱਢ ਸਕਦਾ ਹੈ, ਉਨ੍ਹਾਂ ਨੇ ਕਿਹਾ, ਸਾਨੂੰ ‘ਇੱਕ ਤੇ ਹਮਲਾ, ਸੱਭ ਤੇ ਹਮਲਾ’ ਸਮਝ ਕੇ ਸੱਭ ਦੇ ਹੱਕਾਂ ਦੀ ਰੱਖਿਆ ਕਰਨੀ ਹੋਵੇਗੀ।

ਸ੍ਰੀ ਰਾਘਵਨ ਨੇ ਅਖੀਰ ਵਿਚ ਸਾਰੇ ਲੋਕਤੰਤਰਕ ਅਤੇ ਪ੍ਰਗਤੀਸ਼ੀਲ ਸੰਗਠਨਾਂ ਅਤੇ ਵਿਅਕਤੀਆਂ ਨੂੰ ਇੱਕ ਨਵੇਂ ਰਾਜ ਦੇ ਨਿਰਮਾਣ ਲਈ, ਹਿੰਦੁਸਤਾਨ ਦੇ ਲੋਕਤੰਤਰਕ ਨਵੀਨੀਕਰਣ ਦੇ ਪ੍ਰੋਗਰਾਮ ਦੇ ਆਲੇ-ਦੁਆਲੇ ਇੱਕਜੁੱਟ ਹੋਣ ਦਾ ਸੱਦਾ ਦਿੱਤਾ, ਜਿਹੜਾ, ਜ਼ਮੀਰ ਦੇ ਹੱਕ ਸਮੇਤ, ਬਿਨਾਂ ਛੋਟ ਸਾਰੇ ਮਨੁੱਖੀ, ਲੋਕਤੰਤਰਕ ਅਤੇ ਰਾਸ਼ਟਰੀ ਹੱਕਾਂ ਦੀ ਰੱਖਿਆ ਕਰੇਗਾ।



ਸ੍ਰੀ ਐਨ. ਡੀ. ਪੰਚੋਲੀ ਨੇ ਦੱਸਿਆ ਕਿ ਜਿਨ੍ਹਾਂ ਅਨੇਕਾਂ ਜਾਂਚ-ਪੜਤਾਲਾਂ ਦੀ ਉਨ੍ਹਾਂ ਨੇ ਅਗਵਾਈ ਕੀਤੀ ਸੀ ਜਾਂ ਜਿਸ ਵਿਚ ਹਿੱਸਾ ਲਿਆ ਸੀ, ਉਨ੍ਹਾਂ ਤੋਂ ਇਹ ਸਪੱਸ਼ਟ ਹੋਇਆ ਕਿ ਆਪਰੇਸ਼ਨ ਬਲੂ ਸਟਾਰ ਅਤੇ ਪੂਰੇ ਪੰਜਾਬ ਵਿਚ ਰਾਜਕੀ ਅੱਤਵਾਦ ਦੀ ਮੁਹਿੰਮ ਨੂੰ ਜਾਇਜ਼ ਠਹਿਰਾਉਣ ਲਈ, ਹਿੰਦੁਸਤਾਨੀ ਰਾਜ ਅਤੇ ਉਸ ਦੀਆਂ ਏਜੰਸੀਆਂ ਨੇ ਪੰਜਾਬ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਦੇ ਨਾਲ ਛਲ ਖੇਡਿਆ ਸੀ ਅਤੇ ਸਮੱਸਿਆ ਨੂੰ “ਸਿੱਖ ਅੱਤਵਾਦ” ਦੇ ਤੌਰ ’ਤੇ ਪੇਸ਼ ਕੀਤਾ ਸੀ। ਉਨ੍ਹਾਂ ਦਾ ਟੀਚਾ ਸੀ ਹਿੰਦੂਆਂ ਅਤੇ ਸਿੱਖਾਂ ਦੇ ਵਿਚਾਲੇ ਪਾੜਾ ਪਾਉਣਾ। ਅਕਾਲੀ ਦਲ ਦੀ ਮੁੱਖ ਮੰਗ, ਰਾਜਾਂ ਨੂੰ ਜ਼ਿਆਦਾ ਤਾਕਤ ਦੇਣ ਦੇ ਲਈ ਕੇਂਦਰ-ਰਾਜ ਸਬੰਧਾਂ ਦੇ ਪੁਨਰਗਠਨ ਦੀ ਮੰਗ ਸੀ। ਇਹੀ ਅਨੰਦਪੁਰ ਸਾਹਿਬ ਮਤੇ ਦਾ ਮੂਲ ਟੀਚਾ ਸੀ। ਕੇਂਦਰ ਸਰਕਾਰ ਨੇ ਸੋਚ-ਸਮਝ ਕੇ ਸੱਚਾਈ ਨੂੰ ਪਲਟ ਦਿੱਤਾ ਅਤੇ ਅਕਾਲੀ ਦਲ ਅਤੇ ਸਿੱਖਾਂ ਨੂੰ “ਰਾਸ਼ਟਰੀ ਏਕਤਾ ਅਤੇ ਖੇਤਰੀ ਅਖੰਡਤਾ” ਲਈ ਖਤਰਾ ਦੱਸਿਆ। ਇਸ ਆਧਾਰ ’ਤੇ ਬਾਕੀ ਦੇਸ਼ ਵਿਚ ਸਿੱਖ-ਵਿਰੋਧੀ ਧਾਰਨਾ ਫੈਲ ਗਈ। ਦਿੱਲੀ ਵਿਚ ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਅਤੇ ਫਰਜ਼ੀ ਮੁਕਾਬਲਿਆਂ ਵਿਚ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਹੱਤਿਆਵਾਂ ਇਸੇ ਸੋਚੀ-ਸਮਝੀ ਨੀਤੀ ਦਾ ਹੀ ਹਿੱਸਾ ਸਨ, ਉਨ੍ਹਾਂ ਨੇ ਸਮਝਾਇਆ।

ਸ੍ਰੀ ਰਜਵਿੰਦਰ ਸਿੰਘ ਬੈਂਸ ਨੇ ਵਿਸਤਾਰਪੂਰਵਕ ਦੱਸਿਆ ਕਿ ਸਾਮਰਾਜਵਾਦੀ ਅਤੇ ਪ੍ਰਤਿਕਿਰਿਆਵਾਦੀ ਹੁਕਮਰਾਨ ਵਰਗ ਜਨਤਾ ਦੇ ਵਿਰੋਧ ਨੂੰ ਜ਼ੋਰ ਨਾਲ ਦਬਾਉਣ ਲਈ, ਲਗਾਤਾਰ ‘ਜਾਲ੍ਹੀ ਝੰਡੇ ਹੇਠ ਫੌਜੀ ਕਾਰਵਾਈਆਂ’ ਅਯੋਜਿਤ ਕਰਦੇ ਹਨ ਅਤੇ ਪੀੜਤਾਂ ਨੂੰ ਹੀ ਦੋਸ਼ੀ ਦੱਸਦੇ ਹਨ। ਅਫਗਾਨਿਸਤਾਨ ਅਤੇ ਇਰਾਕ ਵਿਚ ਅਮਰੀਕੀ ਹਮਲਿਆਂ ਬਾਰੇ ਦੱਸ ਕੇ ਉਨ੍ਹਾਂ ਨੇ ਸਮਝਾਇਆ ਕਿ ਤੀਹ ਵਰ੍ਹੇ ਪਹਿਲਾਂ, ਦਰਬਾਰ ਸਾਹਿਬ ’ਤੇ ਕੀਤਾ ਗਿਆ ਹਮਲਾ ਇੱਕ ਇਸੇ ਤਰ੍ਹਾਂ ਦੀ ਕਾਰਵਾਈ ਸੀ, ਜਿਸ ਬਾਰੇ ਸਰਕਾਰ ਨੇ ਇਹ ਦਾਅਵਾ ਕੀਤਾ ਸੀ ਕਿ ਇਹ ਹਮਲਾ ਹਿੰਦੂਆਂ ਨੂੰ ਸਿੱਖ ਅੱਤਵਾਦੀਆਂ ਤੋਂ ਬਚਾਉਣ ਲਈ ਜ਼ਰੂਰੀ ਸੀ।

ਸ੍ਰੀ ਬੈਂਸ ਨੇ ਦੱਸਿਆ ਕਿ ਦੇਸ਼ ਦੀ ਵੰਡ ਦੇ ਸਮੇਂ ਤੋਂ ਹੀ ਕੇਂਦਰ ਸਰਕਾਰ ਨੇ ਜਾਣਬੁੱਝ ਕੇ



ਪੰਜਾਬੀਆਂ ਅਤੇ ਸਿੱਖਾਂ ਦੇ ਨਾਲ ਵਿਤਕਰੇ ਵਾਲਾ ਵਿਵਹਾਰ ਕੀਤਾ ਹੈ। 1950 ਦੇ ਦਹਾਕੇ ਵਿਚ, ਜਦ ਭਾਸ਼ਾ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਸੀ, ਤਾਂ ਪੰਜਾਬ ਨੂੰ ਛੱਡ ਦਿੱਤਾ ਗਿਆ ਸੀ। ਪੰਜਾਬੀ ਭਾਸ਼ੀ ਰਾਜ ਲੈਣ ਲਈ ਪੰਜਾਬ ਦੇ ਲੋਕਾਂ, ਖਾਸ ਤੌਰ 'ਤੇ ਸਿੱਖਾਂ ਨੂੰ ਅਨੇਕਾਂ ਅੰਦੋਲਨ ਛੇੜਨੇ ਪਏ ਸੀ। ਪਰ ਇਸ ਵਿਚ ਵੀ ਕੇਂਦਰ ਸਰਕਾਰ ਨੇ ਇੱਕ ਵਿਸ਼ਵਾਸਘਾਤਕ ਖੇਡ ਖੇਡੀ। ਹਿੰਦੂ ਪੰਜਾਬੀਆਂ ਨੂੰ ਕਿਹਾ ਗਿਆ ਕਿ ਉਹ ਆਪਣੀ ਮਾਤ-ਭਾਸ਼ਾ



ਹਿੰਦੀ ਲਿਖਵਾਉਣ। ਇਸ ਤਰ੍ਹਾਂ, ਅਨੇਕਾਂ ਪੰਜਾਬੀ ਭਾਸ਼ੀ ਇਲਾਕਿਆਂ ਨੂੰ ਨਵੇਂ ਪੰਜਾਬ ਰਾਜ ਤੋਂ ਬਾਹਰ ਰੱਖਿਆ ਗਿਆ। ਉਹ ਇਸ ਨਤੀਜੇ 'ਤੇ ਪੁੱਜੇ ਕਿ ਪੰਜਾਬ ਦੇ ਲੋਕਾਂ ਜਾਂ ਸਿੱਖਾਂ ਦੀਆਂ ਸਮੱਸਿਆਵਾਂ ਦਾ ਜਾਇਜ਼ ਹੱਲ ਕੱਢਣ ਵਿਚ ਕੇਂਦਰ ਸਰਕਾਰ ਨੇ ਕਦੀ ਦਿਲਚਸਪੀ ਨਹੀਂ ਦਿਖਾਈ ਹੈ।

ਹਿੰਦੁਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੇ ਬੁਲਾਰੇ, ਕਾਮਰੇਡ ਪ੍ਰਕਾਸ਼ ਰਾਓ, ਨੇ ਐਲਾਨ ਕੀਤਾ ਕਿ ਕਿਸੇ ਵਿਅਕਤੀ ਦਾ ਅਲੱਗ ਰਾਜਨੀਤਕ ਵਿਚਾਰ ਹੋਣਾ ਉਹਦੀ ਹੱਤਿਆ ਕਰਨ ਦਾ ਕਾਰਨ ਨਹੀਂ ਹੋ ਸਕਦਾ। ਹਿੰਦੁਸਤਾਨੀ ਰਾਜ ਨੂੰ ਦਰਬਾਰ ਸਾਹਿਬ ਵਿਚ ਸਿੱਖਾਂ ਦੀ ਹੱਤਿਆ ਕਰਨ ਅਤੇ ਪੰਜਾਬ



ਅਤੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਅਯੋਜਿਤ ਕਰਨ ਦਾ ਕੋਈ ਹੱਕ ਨਹੀਂ ਸੀ। ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਬਾਰੇ ਸਾਡੀ ਪਾਰਟੀ ਦਾ ਨਜ਼ਰੀਆ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਤੋਂ ਅਲੱਗ ਸੀ। ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਅਸੀਂ ਦਰਬਾਰ ਸਾਹਿਬ 'ਤੇ ਵਹਿਸ਼ੀ ਹਮਲੇ ਅਤੇ ਸੰਤ ਭਿੰਡਰਾਵਾਲੇ ਦੀ ਹੱਤਿਆ ਦਾ ਸਮਰਥਨ ਕਰਦੇ ਹਾਂ।

ਸਾਡੀ ਪਾਰਟੀ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਨਿੰਦਿਆ ਕਰਨ ਅਤੇ ਹਿੰਦੁਸਤਾਨੀ ਰਾਜ ਵੱਲੋਂ ਝੂਠੇ ਪ੍ਰਚਾਰ ਦੀ ਮੁਹਿੰਮ ਦਾ ਪਰਦਾਫਾਸ਼ ਕਰਨ ਦੇ ਲਈ ਅਨੇਕਾਂ ਦੇਸ਼ਾਂ ਵਿਚ ਅੰਦੋਲਨ ਚਲਾਇਆ। ਦਰਬਾਰ ਸਾਹਿਬ 'ਤੇ ਹਮਲੇ ਦੇ ਠੀਕ ਬਾਅਦ, ਸਾਡੇ ਕਾਮਰੇਡਾਂ ਨੇ ਉਸ ਹਮਲੇ ਦੇ ਖਿਲਾਫ਼ ਲੋਕਾਂ ਨੂੰ ਲਾਮਬੰਦ ਕਰਕੇ, ਲੰਦਨ, ਵੈਨਕੂਵਰ, ਮਾਂਟ੍ਰੀਆਲ, ਓਟਾਵਾ ਅਤੇ ਬ੍ਰਿਟੇਨ ਅਤੇ ਕਨਾਡਾ ਦੇ ਹੋਰ ਸ਼ਹਿਰਾਂ ਵਿਚ ਜਨ-ਸਭਾਵਾਂ ਅਯੋਜਿਤ ਕੀਤੀਆਂ। ਦਿੱਲੀ ਅਤੇ ਪੰਜਾਬ ਵਿਚ, ਫਾਸ਼ੀਵਾਦੀ ਦਮਨ ਦੀਆਂ ਹਾਲਤਾਂ ਦਾ ਬਹਾਦੁਰੀ ਨਾਲ ਸਾਹਮਣਾ ਕਰਦੇ ਹੋਏ, ਸਾਡੇ ਕਾਮਰੇਡਾਂ ਨੇ ਉਸ ਹਮਲੇ ਦੀ ਨਿੰਦਿਆ ਕਰਦੇ ਹੋਏ ਪੋਸਟਰ ਲਗਾਏ ਅਤੇ ਪਰਚੇ ਵੰਡੇ। ਸਾਡੀ ਪਾਰਟੀ ਦੇ ਕੰਮ ਦੀ ਵਜ੍ਹਾ ਨਾਲ ਕੇਂਦਰੀ ਰਾਜ ਦੇ ਖਿਲਾਫ਼, ਉੱਤਰੀ ਅਮਰੀਕਾ ਅਤੇ ਬ੍ਰਿਟੇਨ ਵਿਚ ਪੰਜਾਬੀ ਸਮੁਦਾਇ ਦੇ ਲਾਮਬੰਦ ਹੋ ਜਾਣ ਨਾਲ, ਹਿੰਦੁਸਤਾਨੀ ਰਾਜ ਇੰਨਾ ਚਿੰਤਤ ਹੋ ਗਿਆ ਸੀ ਕਿ ਤਤਕਾਲੀਨ



ਭਾਰਤੀ ਰਾਸ਼ਟਰਪਤੀ, ਗਿਆਨੀ ਜ਼ੈਲ ਸਿੰਘ, ਨੇ ਸਰਕਾਰ ਨੂੰ ਨਸੀਹਤ ਦਿੱਤੀ ਕਿ ਕਮਿਊਨਿਸਟ ਗ਼ਦਰ ਪਾਰਟੀ ਨੂੰ ਬੈਨ ਕਰ ਦਿੱਤਾ ਜਾਵੇ।

ਪ੍ਰਕਾਸ਼ ਰਾਓ ਨੇ ਸਮਝਾਇਆ ਕਿ ਆਪਰੇਸ਼ਨ ਬਲੂ ਸਟਾਰ ਹਿੰਦੁਸਤਾਨ ਦੀ ਰਾਜਨੀਤੀ ਵਿਚ ਇੱਕ ਅਹਿਮ ਮੋੜ ਸੀ। ਹਿੰਦੁਸਤਾਨ ਦੇ ਪੂੰਜੀਪਤੀ, ਜੋ ਵਿਸ਼ਵ ਪੱਧਰੀ ਸਾਮਰਾਜਵਾਦੀ ਤਾਕਤ ਬਣਨ ਲਈ ਨਿਕਲੇ ਹੋਏ ਸਨ, ਮਜ਼ਦੂਰਾਂ ਅਤੇ ਕਿਸਾਨਾਂ ਦੇ ਵਿਰੋਧ ਨੂੰ ਦਬਾਉਣਾ ਚਾਹੁੰਦੇ ਸਨ। ਉਨ੍ਹਾਂ ਦੇ ਇਸ ਇਰਾਦੇ ਨੂੰ ਪੂਰਾ ਕਰਨ ਲਈ ਕਾਂਗਰਸ ਪਾਰਟੀ ਅਤੇ ਭਾਜਪਾ ਵਰਗੀਆਂ ਉਨ੍ਹਾਂ ਦੀਆਂ ਰਾਜਨੀਤਕ ਪਾਰਟੀਆਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੰਪਰਦਾਇਕ ਆਧਾਰ 'ਤੇ ਵੰਡਣ ਲਈ, ਸੰਪਰਦਾਇਕਤਾ ਫੈਲਾਈ। ਸਿੱਖਾਂ



ਦੇ ਖਿਲਾਫ਼ ਲੋਕਾਂ ਨੂੰ ਉਕਸਾਇਆ ਗਿਆ ਅਤੇ ਸਿਖਾਂ ਨੂੰ ਰਾਸ਼ਟਰ-ਵਿਰੋਧੀ, ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਦੁਸ਼ਮਣ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਪੰਜਾਬ ਦੇ ਲੋਕਾਂ ਦੀਆਂ ਰਾਜਨੀਤਕ ਮੰਗਾਂ ਦੇ ਨਾਲ ਉਹੀ ਵਰਤਾਓ ਕੀਤਾ ਗਿਆ ਜੋ "ਕਾਨੂੰਨ ਅਤੇ ਵਿਵਸਥਾ ਦੀ ਸਮੱਸਿਆ" ਦੇ ਨਾਲ ਜਾਂਦਾ ਹੈ। ਮਜ਼ਦੂਰ ਵਰਗ ਨੂੰ ਰਾਜਕੀ ਅੱਤਵਾਦ ਦੀ ਨੀਤੀ ਦਾ ਸਮਰਥਨ ਕਰਨ ਦਾ ਸੱਦਾ ਦਿੱਤਾ ਗਿਆ।

ਉਨ੍ਹਾਂ ਨੇ ਸਮਝਾਇਆ ਕਿ ਸਰਾਸਰ ਝੂਠਾ



ਪ੍ਰਚਾਰ ਕਰਕੇ, ਸਿੱਖਾਂ ਉੱਤੇ ਹਿੰਦੂਆਂ ਦਾ ਕਤਲ ਕਰਨ ਦੀ ਯੋਜਨਾ ਬਣਾਉਣ ਦਾ ਇਲਜ਼ਾਮ ਲਗਾਇਆ ਗਿਆ ਸੀ, ਜਦਕਿ ਅਸਲ ਵਿਚ ਹਿੰਦੁਸਤਾਨੀ ਰਾਜ ਸਿੱਖ ਲੋਕਾਂ ਦਾ ਕਤਲੇਆਮ ਕਰਨ ਦੀ ਯੋਜਨਾ ਬਣਾ ਰਿਹਾ ਸੀ। ਸਿੱਖਾਂ ਨੂੰ ਸੰਪਰਦਾਇਕ ਦੱਸਿਆ ਗਿਆ, ਜਦਕਿ ਅਸਲ ਵਿਚ ਹਿੰਦੁਸਤਾਨੀ ਰਾਜ ਖੁਦ ਹੀ ਸਿੱਖ ਧਰਮ ਦੇ ਲੋਕਾਂ ਦੇ ਖਿਲਾਫ਼ ਸੰਪਰਦਾਇਕ ਭਾਵਨਾਵਾਂ ਨੂੰ ਉਕਸਾ ਰਿਹਾ ਸੀ। ਇਸ ਤੋਂ ਇਲਾਵਾ, ਰਾਜ ਯੋਜਨਾਬੱਧ ਤਰੀਕੇ ਨਾਲ ਬੇਕਸੂਰ ਹਿੰਦੂਆਂ ਦੀ ਹੱਤਿਆ ਕਰਦਾ ਸੀ ਅਤੇ ਉਸ ਦੇ ਲਈ "ਸਿੱਖ ਅੱਤਵਾਦੀਆਂ" ਨੂੰ ਦੋਸ਼ੀ ਠਹਿਰਾਉਂਦਾ ਸੀ।

**ਬਾਕੀ ਸਫਾ 7 'ਤੇ**

**ਸਭਾ ਵਿਚ ਇਹ ਪ੍ਰਸਤਾਵ ਪਾਸ ਕੀਤਾ ਗਿਆ ਕਿ:**

- **ਆਪਰੇਸ਼ਨ ਬਲੂ ਸਟਾਰ ਦੀ ਸੱਚਾਈ ਨੂੰ ਸਥਾਪਿਤ ਕਰਨ ਲਈ ਸੰਘਰਸ਼ ਅੱਗੇ ਵਧਾਵਾਂਗੇ;**
- **ਹਰੇਕ ਹਿੰਦੁਸਤਾਨੀ ਦੇ ਜ਼ਮੀਰ ਦੇ ਹੱਕ ਦੀ ਰੱਖਿਆ ਕਰਾਂਗੇ ਅਤੇ ਇਸ ਹੱਕ ਉੱਤੇ ਹੋਏ ਹਮਲਿਆਂ ਦਾ ਵਿਰੋਧ ਕਰਾਂਗੇ। ਸਾਰਿਆਂ ਉੱਤੇ ਅਤੇ ਆਪਣੀ ਏਕਤਾ ਉੱਤੇ ਹੋਏ ਹਮਲੇ ਦਾ ਵੀ ਵਿਰੋਧ ਕੀਤਾ ਜਾਵੇਗਾ;**
- **ਇੱਕ ਅਜੇਹੇ ਰਾਜ ਦੀ ਸਥਾਪਨਾ ਦੇ ਲਈ ਮਿਲਕੇ ਕੰਮ ਕਰਾਂਗੇ, ਜਿਸ ਅੰਦਰ ਜ਼ਮੀਰ ਦੇ ਹੱਕ, ਸਾਰੇ ਮਨੁੱਖੀ, ਲੋਕਤੰਤਰਕ ਅਤੇ ਰਾਸ਼ਟਰੀ ਹੱਕਾਂ ਸਮੇਤ, ਸਾਰਿਆਂ ਦੇ ਹੱਕਾਂ ਦਾ ਸਨਮਾਨ ਅਤੇ ਰੱਖਿਆ ਹੋਵੇ।**



# ਅਪਰੇਸ਼ਨ ਬਲੂਸਟਾਰ ਦੀ 30ਵੀਂ ਬਰਸੀ ਉਤੇ ਦੁਨੀਆਂ ਭਰ ਵਿਚ ਵਿਰੋਧ ਪ੍ਰਦਰਸ਼ਨ

ਹਿੰਦੋਸਤਾਨ ਦੀ ਕੇਂਦਰੀ ਫੌਜ ਵਲੋਂ ਸਿੱਖਾਂ ਦੇ ਪਵਿੱਤਰ ਧਰਮ-ਅਸਥਾਨ, ਸੁਨਹਿਰੀ ਮੰਦਰ ਉਤੇ ਹਮਲੇ ਦੀ 30ਵੀਂ ਬਰਸੀ ਉਤੇ ਦੁਨੀਆਂ ਭਰ ਵਿਚ ਕਾਰਵਾਈਆਂ ਜਥੇਬੰਦ ਕੀਤੀਆਂ ਗਈਆਂ। ਲੋਕ ਰਾਜ ਸੰਗਠਨ ਵਲੋਂ ਦਿੱਲੀ ਵਿਚ ਜਥੇਬੰਦ ਕੀਤੀ ਗਈ ਮੀਟਿੰਗ (ਜਿਸ ਦੀ ਰਿਪੋਰਟ ਇਸ ਅੰਕ ਵਿਚ ਵੱਖਰੇ ਤੌਰ ਤੇ ਛਾਪੀ ਗਈ ਹੈ) ਵੀ ਅਪਰੇਸ਼ਨ ਬਲੂਸਟਾਰ ਬਾਰੇ ਸੱਚਾਈ ਸਾਬਤ ਕਰਨ ਲਈ ਦੁਨੀਆਂ ਭਰ ਵਿਚ ਕੀਤੇ ਜਾ ਰਹੇ ਯਤਨਾਂ ਦਾ ਹੀ ਇੱਕ ਹਿੱਸਾ ਸੀ।



6 ਜੂਨ ਨੂੰ ਅੰਮ੍ਰਿਤਸਰ ਦੇ ਸੱਭ ਲੋਕਾਂ ਨੇ "ਅੰਮ੍ਰਿਤਸਰ ਬੰਦ" ਦੇ ਸੱਦੇ ਦਾ ਸਮਰਥਨ ਕੀਤਾ। ਦਲ ਖਾਲਸਾ ਦੇ ਇੱਕ ਪ੍ਰਵਕਤਾ ਨੇ ਕਿਹਾ ਕਿ ਅੰਮ੍ਰਿਤਸਰ ਬੰਦ ਦਾ ਬੁਲਾਵਾ ਸੈਂਕੜੇ ਨਿਰਦੋਸ਼ ਸ਼ਰਧਾਲੂਆਂ ਦੀਆਂ ਹੱਤਿਆਵਾਂ, ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਅਨਮੋਲ ਪੁਸਤਕਾਂ, ਹੱਥ-ਲਿਖਤਾਂ ਅਤੇ ਹੋਰ ਦੁਰਲੱਭ ਵਸਤਾਂ ਦੀ ਲੁੱਟ ਦੀ ਨਿੰਦਿਆ ਕਰਨ ਅਤੇ 30 ਸਾਲ ਪਹਿਲਾਂ ਕੀਤੇ ਘਿਰਣਤ ਹਮਲੇ ਦੀ ਪੀੜ ਤੇ ਦਰਦ ਦੀ ਯਾਦ ਤਾਜ਼ਾ ਮਹਿਸੂਸ ਕਰਾਉਣ ਵਾਸਤੇ ਦਿੱਤਾ ਗਿਆ ਸੀ। ਇਸ ਦਾ ਮਕਸਦ ਉਨ੍ਹਾਂ ਸਭਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨਾ ਹੈ, ਜਿਹੜੇ ਕੇਂਦਰੀ ਸਰਕਾਰ ਦੇ ਅਣਮਨੁੱਖੀ ਕਾਇਰਾਨਾ ਹਮਲੇ ਵਿਚ ਮਾਰੇ ਗਏ ਸਨ।

ਅੱਗੇ ਵਿਸਥਾਰ ਕਰਦਿਆਂ ਉਸਨੇ ਕਿਹਾ ਕਿ ਪਵਿੱਤਰ ਦਰਬਾਰ ਸਾਹਿਬ ਦੇ ਫਰਸ਼ ਉਤੇ ਡੁੱਲਿਆ ਬੇਗੁਨਾਹਾਂ ਦਾ ਖੂਨ ਚੀਖ-ਚੀਖ ਕੇ ਇਨਸਾਫ ਦੀ ਮੰਗ ਕਰ ਰਿਹਾ ਹੈ। ਸੈਂਕੜੇ ਬੇਗੁਨਾਹ ਤੀਰਥ ਯਾਤਰੀਆਂ ਦਾ ਕਤਲੇਆਮ ਕਰਨ ਵਾਸਤੇ ਕਿਸੇ ਨੂੰ ਵੀ ਇਸ ਗੁਨਾਹ ਵਾਸਤੇ ਜ਼ਿਮੇਵਾਰ ਨਹੀਂ ਠਹਿਰਾਇਆ ਗਿਆ ਹੈ, ਅਤੇ ਨਾ ਹੀ ਸਿੱਖਾਂ ਦੇ ਸੰਘਰਸ਼ ਵਿਚ ਉਠਾਏ ਸਭ, ਇਲਾਕਾਈ, ਆਰਥਿਕ, ਸਮਾਜਿਕ, ਭਾਸ਼ਾ ਅਤੇ ਸੱਭਿਆਚਾਰਕ ਮੁੱਦਿਆਂ ਅਤੇ ਚਿੰਤਾਵਾਂ ਉਤੇ ਗੌਰ ਕੀਤਾ ਗਿਆ ਹੈ, ਜਿਨ੍ਹਾਂ ਵਾਸਤੇ ਸਿੱਖਾਂ ਨੇ ਮੁਹਿੰਮ ਚਲਾਈ ਸੀ।

5 ਜੂਨ ਦੀ ਸ਼ਾਮ ਨੂੰ ਸਿੱਖ ਯੂਥ ਆਫ ਪੰਜਾਬ (ਐਸ.ਵਾਈ.ਪੀ.) ਦੇ ਸੈਂਕੜੇ ਕਾਰਕੁੰਨਾਂ ਨੇ ਅੰਮ੍ਰਿਤਸਰ ਸ਼ਹਿਰ ਵਿਚ "ਘੱਲੂਘਾਰਾ" ਯਾਦਗਾਰੀ ਜਲੂਸ ਕੱਢਿਆ। ਜਥੇਬੰਦਕਾਂ ਦੇ ਸੰਦੇਸ਼ ਅਨੁਸਾਰ

**ਬਾਕੀ ਸਫਾ 8 'ਤੇ**

## ... ਬਲੂ ਸਟਾਰ ਦੀ ਸੱਚਾਈ

**ਸਫਾ 6 ਦੀ ਬਾਕੀ**

ਕਾਮਰੇਡ ਪ੍ਰਕਾਸ਼ ਰਾਓ ਨੇ ਸਪੱਸ਼ਟ ਰੂਪ ਵਿਚ ਸਮਝਾਇਆ ਕਿ ਸਾਡੇ ਰਾਜ ਦੀ ਨੀਂਹ ਹੀ ਸੰਪਰਦਾਇਕ ਹੈ। ਸ਼ਾਸਕ ਵਰਗ ਲਈ ਇਸ ਜਾਂ ਉਸ ਸੰਪਰਦਾਇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਇੱਕ ਪਸੰਦੀਦਾ ਤਰੀਕਾ ਹੈ; ਲੋਕਾਂ ਨੂੰ ਵੰਡ ਕੇ ਆਪਣਾ ਸ਼ਾਸਨ ਕਾਇਮ ਰੱਖਣ ਦਾ ਤਰੀਕਾ ਹੈ। ਹੁਕਮਰਾਨ ਪੂਜੀਪਤੀ ਵਰਗ ਵੋਟਾਂ ਅਤੇ ਗੋਲੀਆਂ, ਦੋਵਾਂ ਦੇ ਜ਼ਰੀਏ ਸ਼ਾਸਨ ਕਰਦਾ ਹੈ। ਆਜ਼ਾਦੀ ਦੇ ਬਾਅਦ ਤੋਂ ਸਾਡੇ ਲੋਕਾਂ ਦਾ ਇਹੀ ਤਜਰਬਾ ਰਿਹਾ ਹੈ। ਪੂੰਜੀਪਤੀ ਸਮੇਂ-ਸਮੇਂ 'ਤੇ ਚੋਣਾਂ ਕਰਵਾਉਂਦੇ ਹਨ ਤਾਂਕਿ ਜਦ ਸੱਤਾ ਵਿਚ ਬੈਠੀ ਪਾਰਟੀ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਨਜ਼ਰਾਂ ਵਿਚ ਬਦਨਾਮ ਹੋ ਜਾਂਦੀ ਹੈ, ਤਾਂ ਸ਼ਾਸਕ ਪੂੰਜੀਪਤੀ ਵਰਗ ਦੀ ਕੋਈ ਦੂਸਰੀ ਪਾਰਟੀ ਉਸ ਦੀ ਥਾਂ ਲੈ ਸਕਦੀ ਹੈ। ਇਸ ਵਿਵਸਥਾ ਦੇ ਚੱਲਦੇ, ਜੋ ਵੀ ਪਾਰਟੀ ਸੱਤਾ ਵਿਚ ਆਉਂਦੀ ਹੈ, ਇਹ ਲਾਜ਼ਮੀ ਹੈ ਕਿ ਉਹ ਸ਼ਾਸਕ ਪੂੰਜੀਪਤੀ ਵਰਗ ਦੇ ਪ੍ਰੋਗਰਾਮ ਅਤੇ ਨੀਤੀਆਂ ਨੂੰ ਹੀ ਲਾਗੂ ਕਰੇਗੀ। ਇਹਦੇ ਬਾਰੇ ਵਿਚ ਸਾਡੇ ਮਨ ਵਿਚ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਸੱਤਾ ਵਿਚ ਆਉਣ ਵਾਲੀਆਂ ਪਾਰਟੀਆਂ ਸਿਰਫ਼ ਪ੍ਰਬੰਧਕ ਦੀ ਭੂਮਿਕਾ ਅਦਾ ਕਰਦੀਆਂ ਹਨ। ਪੂੰਜੀਪਤੀ ਹੀ ਫ਼ੈਸਲਾ ਕਰਦੇ ਹਨ ਕਿ ਕਿਸ ਪਾਰਟੀ ਨੂੰ ਕਿਸ ਸਮੇਂ ਜ਼ੀਰੋ ਤੋਂ ਹੀਰੋ ਜਾਂ ਹੀਰੋ ਤੋਂ ਜ਼ੀਰੋ ਕਰਨਾ ਹੈ।

ਚੋਣਾਂ ਵਿਚ ਰਾਜ ਦਾ ਸੁਭਾਅ ਨਹੀਂ ਬਦਲਦਾ। ਚੋਣਾਂ ਵਿਚ ਸਿਰਫ਼ ਪੂੰਜੀਪਤੀਆਂ ਦੀ ਇੱਕ ਸਰਕਾਰ ਦੀ ਥਾਂ 'ਤੇ ਪੂੰਜੀਪਤੀਆਂ ਦੀ ਦੂਸਰੀ ਸਰਕਾਰ ਆ ਜਾਂਦੀ ਹੈ। ਜਦ ਤੱਕ ਪੂੰਜੀਪਤੀਆਂ ਦਾ ਸ਼ਾਸ਼ਨ ਬਣਿਆ ਰਹੇਗਾ, ਤਦ ਤੱਕ ਸਾਡੇ ਲੋਕਾਂ ਦਾ ਸ਼ੋਸ਼ਣ ਅਤੇ ਦਮਨ ਤੇਜ਼ ਹੁੰਦਾ ਜਾਵੇਗਾ। ਸਾਨੂੰ ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਇਸ ਵਿਵਸਥਾ ਦੇ ਹੁੰਦੇ, ਕੋਈ ਈਮਾਨਦਾਰ ਪਾਰਟੀ ਸੱਤਾ ਵਿਚ ਆ ਸਕਦੀ ਹੈ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ।

ਅੱਜ ਹਿੰਦੁਸਤਾਨ ਨੂੰ ਇਹ ਜ਼ਰੂਰਤ ਹੈ ਕਿ ਮਜ਼ਦੂਰ ਵਰਗ, ਕਿਸਾਨ ਅਤੇ ਸਾਰੇ ਸ਼ੋਸ਼ਤ ਅਤੇ ਪੀੜਤ ਲੋਕ ਸੰਘਰਸ਼ ਵਿਚ ਅੱਗੇ ਆ ਕੇ, ਪੂੰਜੀਪਤੀਆਂ ਦੇ ਰਾਜ ਦਾ ਤਖਤਾ ਪਲਟ ਕਰਕੇ ਅਤੇ ਉਸ ਦੀ ਜਗ੍ਹਾ 'ਤੇ ਮਜ਼ਦੂਰਾਂ ਅਤੇ ਕਿਸਾਨਾਂ ਦਾ ਰਾਜ ਕਾਇਮ ਕਰਨ। ਸਾਡੀ ਪਾਰਟੀ ਇਸ ਟੀਚੇ ਲਈ ਪੂਰੇ ਜ਼ੋਰ ਨਾਲ ਕੰਮ ਕਰਦੀ ਆ ਰਹੀ ਹੈ।

ਸ੍ਰੀ ਜਰਨੈਲ ਸਿੰਘ ਨੇ ਅਨੇਕਾਂ ਤੱਥਾਂ ਨਾਲ ਸਾਬਿਤ ਕੀਤਾ ਕਿ ਆਪਰੇਸ਼ਨ ਬਲੂ ਸਟਾਰ ਦਾ ਅਸਲੀ ਟੀਚਾ ਸੀ ਸੈਨਾ ਵਿਚ ਬਹਾਦੁਰੀ ਨਾਲ ਦੇਸ਼ ਦੀ ਰੱਖਿਆ ਲਈ ਮਸ਼ਹੂਰ ਸਿੱਖ ਸਮੁਦਾਇ ਦੀਆਂ ਭਾਵਨਾਵਾਂ ਨੂੰ ਸੱਟ ਮਾਰਨਾ ਅਤੇ ਅਪਮਾਨਤ ਕਰਨਾ, ਪੰਜਾਬ ਦੇ ਹੱਕਾਂ ਦੇ ਵਧਦੇ ਸੰਘਰਸ਼ਾਂ ਨੂੰ ਦਬਾਉਣਾ, ਪੰਜਾਬ ਦੇ ਲੋਕਾਂ ਨੂੰ ਸੰਪਰਦਾਇਕ ਆਧਾਰ 'ਤੇ ਵੰਡਣਾ ਅਤੇ ਉਸ ਮਹੱਤਵਪੂਰਣ ਸੀਮਾਵਰਤੀ ਰਾਜ ਉੱਤੇ ਕੇਂਦਰ ਦਾ ਦਬ-ਦਬਾ ਕਾਇਮ ਕਰਨਾ।

ਅਨੇਕਾਂ ਨੌਜਵਾਨਾਂ ਨੇ ਵਿਚਾਰ-ਚਰਚਾ ਵਿਚ ਅਹਿਮ ਯੋਗਦਾਨ ਦਿੱਤਾ।

ਚਰਚਾ ਦੀ ਸਮੀਖਿਆ ਕਰਦੇ ਹੋਏ, ਲੋਕ ਰਾਜ ਸੰਗਠਨ ਦੀ ਸਰਬ ਹਿੰਦ ਪਰਿਸ਼ਦ ਦੀ ਮੈਂਬਰ ਸੁਚਰਿਤਾ ਨੇ ਮੌਜੂਦਾ ਰਾਜਨੀਤਕ ਵਿਵਸਥਾ ਅਤੇ ਪ੍ਰਕਿਰਿਆ ਵਿਚ ਜਨਤਾ ਨੂੰ ਬਾਹਰ ਰੱਖਣ ਦੀ ਮੌਜੂਦਾ ਸਥਿਤੀ ਨੂੰ ਖਤਮ ਕਰਨ ਦੀ ਫੌਰੀ ਅਤੇ ਸਖ਼ਤ ਜ਼ਰੂਰਤ ਦੀ ਗੱਲ ਕੀਤੀ। ਅੱਜ ਆਪਣੇ ਚੁਣੇ ਹੋਏ ਰਾਜਨੀਤਕ ਪ੍ਰਤੀਨਿਧੀਆਂ ਉੱਤੇ ਲੋਕਾਂ ਦਾ ਕੋਈ ਕਾਬੂ ਨਹੀਂ ਹੈ, ਇਸ ਲਈ ਕਾਂਗਰਸ ਪਾਰਟੀ ਅਤੇ ਭਾਜਪਾ ਵਰਗੀਆਂ ਪਾਰਟੀਆਂ ਲੋਕਾਂ 'ਤੇ ਹਰ ਤਰ੍ਹਾਂ ਦੇ ਹਮਲੇ ਕਰਕੇ ਬਚ ਨਿਕਲਦੀਆਂ ਹਨ। ਸਾਨੂੰ ਇਸਦੇ ਲਈ ਸੰਘਰਸ਼ ਕਰਨਾ ਪਵੇਗਾ ਕਿ ਲੋਕਾਂ ਨੂੰ ਚੋਣਾਂ ਵਿਚ ਆਪਣੇ ਉਮੀਦਵਾਰਾਂ ਦੀ ਚੋਣ ਕਰਨ, ਚੁਣੇ ਪ੍ਰਤੀਨਿਧੀਆਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਠਹਿਰਾਉਣ, ਉਨ੍ਹਾਂ ਨੂੰ ਕਿਸੇ ਵੀ ਸਮੇਂ ਵਾਪਿਸ ਬੁਲਾਉਣ, ਕਾਨੂੰਨ ਬਣਾਉਣ ਅਤੇ ਸਮਾਜ ਨੂੰ ਪ੍ਰਭਾਵਿਤ ਕਰਨ ਵਾਲੇ ਅਹਿਮ ਫ਼ੈਸਲੇ ਕਰਨ ਵਿਚ ਹਿੱਸਾ ਲੈਣ ਦਾ ਹੱਕ ਹੋਵੇ। ■



## ... ਦੁਨੀਆਂ ਭਰ ਵਿਚ ਵਿਰੋਧ

ਸਫਾ 7 ਦੀ ਬਾਕੀ

ਦੋਵੇਂ ਹੀ ਦਿਨਾਂ ਉਤੇ ਪ੍ਰਦਰਸ਼ਨ ਸ਼ਾਂਤਪੂਰਨ ਰਹੇ। ਫਿਰ ਵੀ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਉਤੇ ਸਖਤੀ ਵਰਤੀ। ਪੁਲੀਸ ਨੇ ਦਲ ਖਾਲਸਾ ਅਤੇ ਸਿੱਖ ਯੂਥ ਆਫ ਪੰਜਾਬ ਦੇ ਕਾਰਕੁੰਨਾਂ ਨੂੰ ਗ੍ਰਿਫਤਾਰ ਕਰਕੇ ਦੇਰ ਰਾਤ ਤਕ ਹਿਰਾਸਤ ਵਿਚ ਰੱਖਿਆ।

ਪੁਲੀਸ ਦੇ ਇਸ ਨਿੰਦਿਆ-ਯੋਗ ਕਾਰਨਾਮੇ ਦਾ ਮਕਸਦ ਸਿਆਸੀ ਕਾਰਕੁੰਨਾਂ ਨੂੰ ਅੰਮ੍ਰਿਤਸਰ ਬੰਦ ਰੱਖਣ ਵਿਚ ਨਾਕਾਮਯਾਬ ਕਰਨਾ ਸੀ। ਪਰ ਪੁਲੀਸ ਇਸ ਵਿਚ ਸਫਲ ਨਹੀਂ ਹੋਈ, ਸ਼ਹਿਰ ਲੱਗਭਗ ਮੁਕੰਮਲ ਤੌਰ ਉਤੇ ਠੱਪ ਰਿਹਾ ਕਿਉਂਕਿ ਲੋਕਾਂ ਨੇ 'ਬੰਦ' ਦੇ ਬੁਲਾਵੇ ਦਾ ਬਿਨਾਂ ਝਿਜਕ ਸਮਰਥਨ ਕੀਤਾ।

8 ਜੂਨ, 2014 ਨੂੰ ਲੰਡਨ ਦੇ ਹਾਈਡ ਪਾਰਕ ਤੋਂ ਟ੍ਰਫਾਲਗਰ ਸੁਕੇਅਰ ਦੇ ਜਲੂਸ ਵਿਚ 10,000 ਤੋਂ ਵੀ ਵਧ ਲੋਕਾਂ ਨੇ ਹਿੱਸਾ ਲਿਆ ਜਿਨ੍ਹਾਂ ਦੀ ਮੰਗ ਸੀ ਕਿ 30 ਸਾਲ ਪਹਿਲਾਂ ਹਿੰਦੋਸਤਾਨੀ ਰਾਜ ਵਲੋਂ ਸਿੱਖ ਧਰਮ ਦੇ ਲੋਕਾਂ ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਵੇ। ਜਲੂਸ ਦੇ ਸੱਭ ਤੋਂ ਅੱਗੇ ਕਾਲੇ ਝੰਡੇ ਲਈ ਨੌਜਵਾਨ ਮਾਰਚ ਕਰ ਰਹੇ ਸਨ, ਜੋ ਕਿ ਜੂਨ ਅਤੇ ਨਵੰਬਰ, 1984 ਵਿਚ ਹਜ਼ਾਰਾਂ ਬੇਗੁਨਾਹ ਲੋਕਾਂ ਦੀ ਮੌਤ ਸਬੰਧੀ ਸ਼ੋਕ ਦਾ ਪ੍ਰਗਟਾਵਾ ਸੀ। ਇਸ ਤੋਂ ਪਿੱਛੇ ਦੋ ਟਰੱਕ ਸਨ। ਪਹਿਲੇ ਟਰੱਕ ਵਿਚ ਇੱਕ ਬਹੁਤ ਵੱਡਾ ਅਰਥੀ ਦਾ ਬਕਸਾ ਸੀ, ਅਤੇ ਦੂਸਰੇ ਟਰੱਕ ਵਿਚ ਲਾਸ਼ਾਂ ਅਤੇ ਸੀਖਾਂ ਦੇ ਪਿੱਛੇ ਬੇਗੁਨਾਹ ਸਿੱਖ ਕੈਦੀਆਂ ਨੂੰ ਬੰਦ ਕੀਤੇ ਰੱਖਣ ਦੀ ਝਾਕੀ ਸੀ।

ਇੰਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਗ਼ਦਰ ਇੰਟਰਨੈਸ਼ਨਲ ਵਲੋਂ ਇਸ ਜਲੂਸ ਵਿਚ ਦੋ ਲੀਫਲੈਟ ਵੰਡੇ ਗਏ। ਇੱਕ ਲੀਫਲੈਟ ਵਿਚ ਇੱਕ ਸੰਖੇਪ ਸੰਦੇਸ਼ ਦੇ ਨਾਲ ਗੋਲਡਨ ਟੈਂਪਲ ਉਤੇ ਹਮਲੇ ਦੀ 30ਵੀਂ ਬਰਸੀ ਉਤੇ 'ਮਜ਼ਦੂਰ ਏਕਤਾ ਲਹਿਰ' ਵਿਚ ਪ੍ਰਕਾਸ਼ਿਤ ਮੁੱਖ ਲੇਖ ਸ਼ਾਮਲ ਕੀਤਾ ਗਿਆ ਸੀ, ਜਿਸਦਾ ਸਿਰਲੇਖ ਸੀ: ----"ਸਾਨੂੰ ਆਪਣੇ ਲੋਕਾਂ ਖਿਲਾਫ ਇਸ ਘੋਰ ਅਪਰਾਧ ਨੂੰ ਕਦੇ ਵੀ ਭੁੱਲਣਾ ਅਤੇ ਮੁਆਫ ਨਹੀਂ ਕਰਨਾ ਚਾਹੀਦਾ"।---- ਦੂਸਰੇ ਲੀਫਲੈਟ ਵਿਚ ਸਾਰੇ ਅਲਪ-ਸੰਖਿਅਕ ਲੋਕਾਂ ਦੀਆਂ ਮੰਗਾਂ ਅਤੇ ਸੱਭ ਧਰਮਾਂ ਅਤੇ ਵਿਚਾਰਧਾਰਾਵਾਂ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਦੇ ਜ਼ਮੀਰ ਦੇ ਹੱਕ ਦੀ ਰੱਖਿਆ ਵਾਸਤੇ ਇੱਕਮੁੱਠ ਸੰਘਰਸ਼ ਕਰਨ ਦਾ ਸੰਦੇਸ਼ ਸੀ।

ਗੋਲਡਨ ਟੈਂਪਲ ਉਤੇ ਹਮਲੇ ਦੀ 30ਵੀਂ ਬਰਸੀ ਉਤੇ ਨਿਊਯੌਰਕ ਸ਼ਹਿਰ ਵਿਚ ਸੈਂਕੜੇ ਸਿੱਖ ਲੋਕ "ਪ੍ਰਭੂਸਤਾ ਮਾਰਚ" ਵਿਚ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਪਹੁੰਚੇ। ਉਨ੍ਹਾਂ ਦੀ ਮੰਗ ਸੀ ਕਿ 1984 ਵਿਚ ਹਿੰਦੋਸਤਾਨੀ ਫੌਜ ਵਲੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਸਿੱਖ ਗੁਰਦੁਆਰਿਆਂ ਉਤੇ ਹਮਲਿਆਂ ਦੀ ਜਾਂਚ ਸੰਯੁਕਤ ਰਾਸ਼ਟਰ ਵਲੋਂ ਕੀਤੀ ਜਾਵੇ। ■

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟਨ) ਵਲੋਂ ਜਾਰੀ ਕੀਤਾ ਲੀਫਲੈਟ:

# ਲੰਡਨ ਦੇ ਹਾਈਡਪਾਰਕ ਵਿਚ ਪਹੁੰਚ ਕੇ ਵਿਖਾਵੇ ਵਿਚ ਸ਼ਾਮਲ ਹੋਵੋ!
# ਹਿੰਦੋਸਤਾਨੀ ਫੌਜ ਵਲੋਂ ਕੀਤੇ ਅਪਰੇਸ਼ਨ ਬਲੂਸਟਾਰ 1984 ਦੀ ਸਖ਼ਤ ਨਿਖੇਧੀ ਕਰੋ!
# ਸਿੱਖਾਂ ਦੀ ਨਸਲਕੁਸ਼ੀ ਦੀ 30ਵੀਂ ਬਰਸੀ ਨੂੰ ਯਾਦ ਰਖੋ!
# ਪੰਜਾਬ ਅਤੇ ਹਿੰਦੋਸਤਾਨ ਦੇ ਹੋਰ ਲੋਕਾਂ ਵਾਸਤੇ ਇਨਸਾਫ ਦੀ ਮੰਗ ਕਰੋ!

6 ਜੂਨ, 1984 ਨੂੰ ਇੱਕ ਪੂਰੀ ਤਰ੍ਹਾਂ ਪਲੈਨ ਕੀਤੀ ਯੋਜਨਾ ਅਨੁਸਾਰ ਹਿੰਦੋਸਤਾਨੀ ਫੌਜ ਦੀਆਂ ਤੋਪਾਂ, ਮਾਰਟਰਜ਼, ਮਿਸਾਈਲਾਂ ਅਤੇ ਆਧੁਨਿਕ ਬੰਦੂਕਾਂ 'ਦੁਸ਼ਮਣ' ਨੂੰ ਕੁਚਲ ਦੇਣ ਵਾਸਤੇ ਗਰਜ ਉਠੀਆਂ। ਇਹ 'ਦੁਸ਼ਮਣ' ਕੋਈ ਬਦੇਸ਼ੀ ਹਮਲਾਵਰ ਨਹੀਂ ਸੀ ਬਲਕਿ ਖੁਦ ਹਿੰਦੋਸਤਾਨ ਦੇ ਲੋਕ ਸਨ।

ਅੰਮ੍ਰਿਤਸਰ ਦੇ ਸੁਨਹਿਰੀ ਮੰਦਰ ਦੇ ਨਾਲ ਨਾਲ ਪੰਜਾਬ ਦੇ 40 ਹੋਰ ਗੁਰਦੁਆਰਿਆਂ ਉਤੇ ਇੱਕ ਜਬਰਦਸਤ ਫੌਜੀ ਹਮਲਾ ਬੋਲ ਦਿੱਤਾ ਗਿਆ। 6 ਅਤੇ 8 ਜੂਨ ਦਰਮਿਆਨ ਸੈਂਕੜੇ ਸਿੱਖ ਯੋਧਿਆਂ ਸਮੇਤ, ਹਜ਼ਾਰਾਂ ਬੇਕਸੂਰ ਸਿੱਖਾਂ -- ਪੁਰਸ਼, ਇਸਤਰੀਆਂ ਅਤੇ ਬੱਚਿਆਂ ਦਾ ਕਤਲੇਆਮ ਕੀਤਾ ਗਿਆ। ਬਹੁਤ ਸਾਰੇ ਮਾਰੇ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ ਵੀ ਨਹੀਂ ਕੀਤੀ ਗਈ। ਵੀਹਵੀਂ ਸਦੀ ਵਿਚ ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਤੋਂ ਬਾਅਦ, ਅੰਮ੍ਰਿਤਸਰ ਦੇ ਲੋਕਾਂ ਨੂੰ ਹੁਣ ਦੂਸਰੀ ਵਾਰ ਇੱਕ ਵੱਡੇ ਹਾਦਸੇ ਦਾ ਸਾਹਮਣਾ ਕਰਨਾ ਪਿਆ। ਹਾਲ ਹੀ ਵਿਚ ਇਹਦੇ ਵਾਰੇ ਇੱਕ ਨਵਾਂ ਪਹਿਲੂ ਸਾਹਮਣੇ ਆਇਆ ਹੈ ਕਿ ਸਿੱਖਾਂ ਉਤੇ ਹਮਲਾ ਕਰਨ ਦੀ ਇਹ ਯੋਜਨਾ ਬਰਤਾਨੀਆਂ ਅਤੇ ਹਿੰਦੋਸਤਾਨ ਦੀਆਂ ਸਰਕਾਰਾਂ ਨੇ ਸਾਂਝੇ ਤੌਰ ਤੇ ਬਣਾਈ ਸੀ, ਉਸ ਵੇਲੇ ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਸੀ।

## ਅਨੰਦਪੁਰ ਸਾਹਿਬ ਦਾ ਮਤਾ — ਪੰਜਾਬ ਦੇ ਲੋਕਾਂ ਦੀਆਂ ਖਾਹਸ਼ਾਂ, ਉਮੀਦਾਂ ਦਾ ਪ੍ਰਤੀਬਿੰਬ

ਕੇਂਦਰ ਸਰਕਾਰ ਨੇ, ਅਨੰਦਪੁਰ ਸਾਹਿਬ ਦੇ ਮਤੇ ਦੇ ਅਧਾਰ ਉਤੇ ਅਕਾਲੀ ਲਹਿਰ ਦੀਆਂ ਜਮਹੂਰੀ ਮੰਗਾਂ ਉਤੇ ਗੌਰ ਕਰਨ ਦੀ ਬਜਾਏ ਉਨ੍ਹਾਂ ਦੇ ਸੰਘਰਸ਼ ਨੂੰ ਖੂਨ ਵਿਚ ਡੁਬੋ ਦੇਣ ਦੀ ਕੋਸ਼ਿਸ਼ ਕੀਤੀ। ਅਨੰਦਪੁਰ ਸਾਹਿਬ ਦੇ ਮਤੇ ਵਿਚ ਪੰਜਾਬ ਦੇ ਲੋਕਾਂ ਦੀਆਂ ਅਸਲੀ ਮੰਗਾਂ ਸਨ, ਜਿਵੇਂ: 1) ਪੰਜਾਬ ਦੀ ਇਲਾਕਾਈ ਖੁਦਮੁਖਤਿਆਰੀ; 2) ਚੰਡੀਗੜ੍ਹ ਅਤੇ ਹੋਰ ਪੰਜਾਬੀ ਭਾਸ਼ਾਈ ਇਲਾਕੇ ਪੰਜਾਬ ਨੂੰ ਵਾਪਸ ਮੋੜਨਾ; 3) ਪੰਜਾਬ ਅਤੇ ਇਸਦੇ ਗੁਆਂਢੀ ਸੂਬਿਆਂ ਵਿਚਕਾਰ ਪਾਣੀ ਦੀ ਵੰਡ ਨੂੰ ਬਰਾਬਰੀ ਦੇ ਅਧਾਰ ਤੇ ਦਿੱਤੇ ਜਾਣ ਵਾਸਤੇ ਰਾਵੀ-ਬਿਆਸ ਦੇ ਪਾਣੀਆਂ ਬਾਰੇ ਸੁਪਰੀਮ ਕੋਰਟ ਵਲੋਂ ਸਮੀਖਿਆ ਕੀਤੇ ਜਾਣਾ; 4) ਪੰਜਾਬ ਵਾਸਤੇ ਬਿਜਲੀ ਦੀ ਉਚਿਤ ਸਪਲਾਈ ਆਦਿ ਅਤੇ ਇਨ੍ਹਾਂ ਤੋਂ ਬਿਨਾਂ ਕੁੱਝ ਇੱਕ ਧਾਰਮਿਕ ਮੰਗਾਂ ਸਨ। ਇਨ੍ਹਾਂ ਜਮਹੂਰੀ ਮੰਗਾਂ ਨਾਲ ਸਾਰੇ ਹੀ ਪੰਜਾਬੀ ਲੋਕਾਂ ਦਾ ਲਗਾਓ ਅਤੇ ਚਿੰਤਾ ਸੀ, ਨਾ ਕਿ ਕੇਵਲ ਸਿੱਖਾਂ ਨੂੰ ਹੀ।

## ਹਿੰਦੋਸਤਾਨੀ ਸੰਘ: ਸੱਭ ਦੱਬੀਆਂ-ਕੁਚਲੀਆਂ ਕੌਮੀਅਤਾਂ, ਅਲਪ-ਸੰਖਿਅਕਾਂ, ਦਲਿਤਾਂ ਅਤੇ ਆਦੀਵਾਸੀਆਂ ਦਾ ਜੇਲ੍ਹਖਾਨਾ

ਹਿੰਦੋਸਤਾਨ ਇੱਕ ਬਹੁ-ਕੌਮੀ ਦੇਸ਼ ਹੈ, ਜਿਸ ਵਿਚ ਕੇਂਦਰ ਸਰਕਾਰ ਵਲੋਂ ਸਾਰੀਆਂ ਹੀ ਕੌਮਾਂ ਦਾ ਘੱਟ ਜਾਂ ਵੱਧ ਦਮਨ ਹੁੰਦਾ ਹੈ। ਹਿੰਦੋਸਤਾਨ ਦਾ ਸੰਵਿਧਾਨ ਕਾਗਜ਼ ਉਤੇ ਸੰਘੀ ਹੈ ਪਰ ਅਮਲ ਵਿਚ ਏਕਾਤਮਕ ਹੈ। ਸੱਭ ਹੀ ਅਹਿਮ ਮੁੱਦਿਆਂ ਉਤੇ ਕੰਟਰੋਲ ਕੇਂਦਰ ਸਰਕਾਰ ਦਾ ਹੈ, ਜੋ ਹਮੇਸ਼ਾ ਟਾਟੇ, ਬਿਰਲੇ ਅਤੇ ਅੰਬਾਨੀ ਵਰਗੇ ਪੂੰਜੀਪਤੀ ਘਰਾਣਿਆਂ ਦੇ ਹਿੱਤਾਂ ਵਿਚ ਫੈਸਲੇ ਲੈਂਦੀ ਹੈ। ਕੇਂਦਰ ਸਰਕਾਰ ਉਨ੍ਹਾਂ ਨੂੰ ਕਿਸੇ ਵੀ ਸੂਬੇ ਵਿਚ ਜਾ ਕੇ ਉਥੋਂ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰਨ ਅਤੇ ਉਥੋਂ ਦੀਆਂ ਮੰਡੀਆਂ ਉਤੇ ਕਬਜ਼ਾ ਕਰਨ






ਦੀ ਖੁੱਲ੍ਹ ਦਿੰਦੀ ਹੈ। ਦਿੱਲੀ ਸਰਕਾਰ ਨੇ ਕਸ਼ਮੀਰ ਅਤੇ ਮਨੀਪੁਰ, ਨਾਗਾਲੈਂਡ ਅਤੇ ਮੀਜ਼ੋਰਾਮ ਆਦਿ ਉਤਰ-ਪੂਰਬੀ ਪ੍ਰਾਂਤਾਂ ਦਾ ਸਵੈ-ਨਿਰਣੇ ਦਾ ਹੱਕ ਖੋਹ ਲਿਆ ਹੈ ਅਤੇ ਉਥੇ ਫੌਜੀ ਰਾਜ ਜਾਰੀ ਰੱਖਿਆ ਹੋਇਆ ਹੈ ਭਾਵੇਂ ਕਿ ਨਾਂ ਦੇ ਤੌਰ ਉਤੇ ਉਥੇ ਵਿਧਾਨ ਸਭਾਵਾਂ ਵੀ ਮੌਜੂਦ ਹਨ। ਹਿੰਦੋਸਤਾਨ ਦੇ ਅੰਦਰ ਅਲਪ-ਸੰਖਿਅਕਾਂ ਦੀ ਬਹੁਤ ਵੱਡੀ ਗਿਣਤੀ ਹੈ, ਜਿਨ੍ਹਾਂ ਨੂੰ ਹਿੰਦੋਸਤਾਨੀ ਰਾਜ ਦੀ ਸ਼ਹਿ ਉਤੇ ਹਿੰਦੂ ਫਾਸ਼ੀਵਾਦੀਆਂ ਵਲੋਂ ਹੋਰ ਜ਼ਿਆਦਾ ਪੈਰਾਂ ਥੱਲੇ ਲਿਤਾੜਿਆ ਜਾ ਰਿਹਾ ਹੈ। ਭੂਤਪੂਰਵ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਜਾਣਾ, ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ, ਉੜੀਸਾ ਵਿਚ ਇਸਾਈ ਲੋਕਾਂ ਉਤੇ ਜ਼ੁਲਮ ਅਤੇ ਹਾਲ ਹੀ ਵਿਚ ਮੁਜ਼ੱਫਰਨਗਰ ਵਿਚ ਮੁਸਲਮਾਨਾਂ ਉਤੇ ਹੋਇਆ ਜ਼ੁਲਮ -- ਹਿੰਦੋਸਤਾਨ ਵਿਚ ਅਲਪ-ਸੰਖਿਅਕਾਂ ਉਤੇ ਹੋ ਰਹੇ ਅੱਤਿਆਚਾਰਾਂ ਦੀਆਂ ਕੁੱਝ ਮਿਸਾਲਾਂ ਹਨ। ਦੂਸਰੇ ਪਾਸੇ, ਦਲਿਤਾਂ ਦੇ ਖਿਲਾਫ ਜ਼ੁਲਮ ਅਤੇ ਹਿੰਸਾ ਦੀਆਂ ਘਟਨਾਵਾਂ ਵਧ ਰਹੀਆਂ ਹਨ, ਜਿਵੇਂ ਕਿ ਲਕਸ਼ਮਣਪੁਰ ਬਾਥੇ, ਕੈਰਲਾਂਜੀ ਅਤੇ ਧਰਮਪੁਰੀ ਆਦਿ ਵਿਚ। ਛੱਤੀਸਗੜ੍ਹ, ਮਹਾਂਰਾਸ਼ਟਰ, ਝਾੜਖੰਡ ਅਤੇ ਉੜੀਸਾ ਵਰਗੇ ਸੂਬਿਆਂ ਵਿਚ ਰਾਜ ਦੇ ਅਰਧ-ਸੈਨਿਕ ਬਲਾਂ ਦੀਆਂ ਸੈਂਕੜੇ ਹੀ ਬਟਾਲੀਅਨਾਂ ਨੇ ਆਦੀਵਾਸੀ ਲੋਕਾਂ ਦੇ ਖਿਲਾਫ ਅਣ-ਐਲਾਨੀ ਜੰਗ ਛੇੜੀ ਹੋਈ ਹੈ। 'ਅਪਰੇਸ਼ਨ ਗਰੀਨ ਹੰਟ' ਨਾਮ ਦੀ ਇਸ ਜੰਗ ਦਾ ਉਦੇਸ਼ ਲੱਖਾਂ ਹੀ ਆਦੀਵਾਸੀਆਂ ਨੂੰ ਉਨ੍ਹਾਂ ਦੀ ਜੱਦੀ ਜ਼ਮੀਨ ਤੋਂ ਉਜਾੜਨਾ ਕੇ ਸਰਮਾਏਦਾਰਾਂ ਦੇ ਖਾਣਾਂ ਦੇ ਪ੍ਰਾਜੈਕਟਾਂ ਵਾਸਤੇ ਰਸਤਾ ਸਾਫ ਕਰਨਾ ਹੈ। ਹਿੰਦੋਸਤਾਨੀ ਥਲ ਫੌਜ ਵਲੋਂ ਕਿਲ੍ਹੇਬੰਦੀ ਕੀਤੀ ਜਾ ਰਹੀ ਹੈ ਹਵਾਈ ਫੌਜ ਜਹਾਜ਼ਾਂ ਦੇ ਚੜ੍ਹਨ-ਉਤਰਨ ਦੀਆਂ ਸਹੂਲਤਾਂ ਦਾ ਨਿਰਮਾਣ ਕਰ ਰਹੀ ਹੈ -- ਆਪਣੇ ਹੀ ਲੋਕਾਂ ਉਤੇ ਮੁਕੰਮਲ ਜੰਗ ਛੇੜ ਦੇਣ ਵਾਸਤੇ ਦੇਸ਼ ਦੇ ਹਰ ਇਲਾਕੇ ਵਿਚ ਜਿੱਥੇ 'ਸੁਰੱਖਿਆ' ਦੇ ਨਾਂ ਉਤੇ ਪੁਲੀਸ, ਨੀਮ-ਫੌਜ ਅਤੇ ਫੌਜ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ, ਉਥੇ ਬਲਾਤਕਾਰ, ਅਪਹਰਣ, ਹੱਤਿਆਵਾਂ ਅਤੇ ਘਰਾਂ ਤੇ ਫਸਲਾਂ ਨੂੰ ਅੱਗ ਲਾਉਣਾ ਆਦਿ ਆਮ ਜਿਹੀ ਗੱਲ ਬਣ ਚੁੱਕੀ ਹੈ।

ਅਨੇਕਾਂ ਲੋਕ ਫਾਂਸੀ ਲਾਏ ਜਾਣ ਵਾਲੀ ਕਤਾਰ ਵਿਚ ਹਨ -- ਜਿਵੇਂ ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਕ੍ਰਿਸ਼ਨ ਮੋਚੀ, ਬੀਰ ਕੁਏਰ ਪਵਨ, ਧਰਮਿੰਦਰਾ ਸਿੰਘ, ਨਾਂਚੇਲਾਲ ਮੋਚੀ ਅਤੇ ਸ਼ੋਬਿਤ ਚਮਾਰ ਆਦਿ ਕੁੱਝ ਇੱਕ ਉਦਾਹਰਣਾਂ ਹਨ। ਦੇਸ਼ ਭਰ ਵਿਚ ਦਹਿ-ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸਾਲਾਂ-ਬੱਧੀ ਜੇਲ੍ਹਾਂ ਵਿਚ ਸੜ ਰਹੇ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਉਤੇ ਕੋਈ ਮੁਕੱਦਮਾ ਵੀ ਨਹੀਂ ਚਲ ਰਿਹਾ। ਕੁਬੋਦ ਗਾਂਧੀ, ਕਬੀਰ ਕਲਾ ਮੰਚ ਦੇ ਮੈਂਬਰ ਅਤੇ ਇਨ੍ਹਾਂ ਵਰਗੇ ਸੈਂਕੜੇ ਹੋਰ ਸਿਆਸੀ ਕੈਦੀ ਅਣਮਿਥੇ ਸਮੇਂ ਵਾਸਤੇ ਬੰਦ ਕੀਤੇ ਹੋਏ ਹਨ। ਇਸ ਲੰਬੀ ਸੂਚੀ ਵਿਚ ਦਿੱਲੀ ਯੂਨੀਵਰਸਿਟੀ ਦਾ ਪ੍ਰੋਫੈਸਰ, ਡਾ. ਜੀ.ਐਨ. ਸਾਈਬਾਬਾ ਇਕ ਨਵਾਂ ਨਾਮ ਜਮ੍ਹਾਂ ਹੋਇਆ ਹੈ। ਦੁਨੀਆਂ ਦੀ ਸੱਭ ਤੋਂ ਵਿਸ਼ਾਲ 'ਜਮਹੂਰੀਅਤ' ਅੰਦਰ ਅਸਹਿਮਤੀ ਦੀ ਆਵਾਜ਼ ਨੂੰ ਗ੍ਰਿਫਤਾਰ ਕਰਨਾ ਇੱਕ ਆਮ ਅਮਲ ਬਣ ਚੁੱਕਾ ਹੈ।

## ਸਿੱਖਾਂ ਨੂੰ ਹੋਰ ਦੱਬੀਆਂ-ਕੁਚਲੀਆਂ ਕੌਮਾਂ, ਘੱਟ-ਗਿਣਤੀਆਂ ਅਤੇ ਜਮਹੂਰੀ ਤਾਕਤਾਂ ਨਾਲ ਇਕਮੁੱਠ ਹੋਣਾ ਚਾਹੀਦਾ ਹੈ

ਅਪਰੇਸ਼ਨ ਬਲੂਸਟਾਰ ਅਤੇ ਦਿੱਲੀ ਵਿਚ ਨਸਲਕੁਸ਼ੀ ਵਿਚ ਮਾਰੇ ਗਏ ਲੋਕਾਂ ਦੇ ਸਬੰਧੀਆਂ ਨੂੰ ਇਨਸਾਫ ਦੁਆਉਣ ਵਾਸਤੇ ਅਤੇ ਅਨੰਦਪੁਰ ਸਾਹਿਬ ਦੇ ਮਤੇ ਦੇ ਅਨੁਸਾਰ ਪੰਜਾਬ ਦੇ ਲੋਕਾਂ ਦੀਆਂ ਜਮਹੂਰੀ ਮੰਗਾਂ ਨੂੰ ਪੂਰਾ ਕਰਾਉਣ ਵਾਸਤੇ, ਸਿੱਖਾਂ ਨੂੰ ਹਿੰਦੋਸਤਾਨ ਦੀਆਂ ਹੋਰ ਸੱਭ ਦੱਬੀਆਂ-ਕੁਚਲੀਆਂ ਕੌਮਾਂ ਅਤੇ ਧਾਰਮਿਕ ਘੱਟ-ਗਿਣਤੀਆਂ ਦੇ ਸੰਘਰਸ਼ਸ਼ੀਲ ਲੋਕਾਂ ਨਾਲ ਗਠਬੰਧਨ ਬਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਦੇਸ਼ ਦੇ ਪ੍ਰਗਤੀਸ਼ੀਲ ਲੋਕਾਂ ਦੇ ਨਾਲ ਏਕਤਾ ਕਰਨੀ ਪਏਗੀ ਜਿਹੜੇ ਸਾਰੇ ਹੀ ਧਰਮਾਂ ਅਤੇ ਕੌਮਾਂ ਦੀ ਬਰਾਬਰਤਾ ਵਿਚ ਵਿਸ਼ਵਾਸ਼ ਰੱਖਦੇ ਹਨ। ਹਿੰਦੋਸਤਾਨੀ ਸਰਕਾਰ ਦੀਆਂ ਦਮਨਕਾਰੀ ਅਤੇ ਅੱਤਿਆਚਾਰੀ ਨੀਤੀਆਂ ਦਾ ਪ੍ਰਭਾਵਸ਼ਾਲੀ ਸਾਹਮਣਾ ਸਿਰਫ ਅਜੇਹੀ ਸੰਯੁਕਤ ਤਾਕਤ ਹੀ ਕਰ ਸਕਦੀ ਹੈ। ਕੇਵਲ ਇਸ ਤਰ੍ਹਾਂ ਹੀ ਪੰਜਾਬ ਅਤੇ ਹਿੰਦੋਸਤਾਨ ਦੇ ਹੋਰ ਸੂਬਿਆਂ ਦੇ ਲੋਕਾਂ ਦੀਆਂ ਜਮਹੂਰੀ ਮੰਗਾਂ ਪੂਰੀਆਂ ਹੋ ਸਕਦੀਆਂ ਹਨ। ■



## ਭਿਲਾਈ ਤੇ ਵਿਸ਼ਾਖਾਪਟਨਮ ਦੇ ਸਟੀਲ ਪਲਾਂਟਾਂ ਵਿੱਚ "ਦੁਰਘਟਨਾਵਾਂ" ਵਿੱਚ ਮਜ਼ਦੂਰਾਂ ਦੀਆਂ ਮੌਤਾਂ:

# ਮਜ਼ਦੂਰਾਂ ਦੀ ਸੁਰੱਖਿਆ ਯਕੀਨੀ ਨਾ ਬਣਾਉਣ ਵਾਲੇ ਦੋਸ਼ੀਆਂ ਨੂੰ ਸਜ਼ਾ ਦਿਓ!

12 ਜੂਨ, 2014 ਦੀ ਰਾਤ ਨੂੰ ਭਿਲਾਈ ਸਟੀਲ ਪਲਾਂਟ (ਬੀ.ਐਸ.ਪੀ.) ਵਿਚ ਜ਼ਹਿਰੀ ਗੈਸ ਦੇ ਰਿਸਾਅ ਨਾਲ 6 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 30 ਤੋਂ ਵੀ ਜ਼ਿਆਦਾ ਜ਼ਖ਼ਮੀ ਹੋ ਗਏ। ਇਸਦੇ ਕੁੱਝ ਹੀ ਦਿਨਾਂ ਬਾਅਦ, 16 ਜੂਨ, 2014 ਨੂੰ ਵਿਸ਼ਾਖਾਪਟਨਮ ਸਟੀਲ ਪਲਾਂਟ ਦੀ ਸਟੀਲ ਪਿਘਲਾਉਣ ਵਾਲੀ ਯੂਨਿਟ ਵਿਚ ਦੋ ਇੰਜੀਨੀਅਰਾਂ ਦੀ ਮੌਤ ਹੋ ਗਈ।

ਭਿਲਾਈ ਸਟੀਲ ਪਲਾਟ ਦੇ ਅਧਿਕਾਰੀਆਂ ਅਨੁਸਾਰ ਗੈਸ ਦਾ ਰਿਸਾਅ, ਪਾਣੀ ਦਾ ਇੱਕ ਪੰਪ ਖਰਾਬ ਹੋਣ ਦੀ ਵਜ੍ਹਾ ਨਾਲ ਹੋਇਆ। ਦੋਹਾਂ ਘਟਨਾਵਾਂ ਨੂੰ "ਦੁਰਘਟਨਾ" ਦੱਸਿਆ ਗਿਆ ਹੈ, ਪਰ ਅਸਲੀਅਤ ਵਿਚ ਇਹ ਮੌਜੂਦਾ ਵਿਵਸਥਾ ਵਿਚ ਮਜ਼ਦੂਰਾਂ ਦੇ ਪ੍ਰਤੀ ਪੂਰੀ ਤਰ੍ਹਾਂ ਬੇਰੁਖੀ ਦਾ ਨਤੀਜਾ ਹੈ। ਭਿਲਾਈ ਸਟੀਲ ਪਲਾਂਟ ਦੇ ਇਸ ਹਾਦਸੇ ਵਿਚ ਇਹ ਸਾਹਮਣੇ ਆਇਆ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਕਾਰਖਾਨੇ ਦੇ ਪ੍ਰਬੰਧਨ ਨੂੰ ਵਾਰ-ਵਾਰ ਸੂਚਨਾ ਦਿੱਤੀ ਗਈ ਸੀ ਕਿ ਪਾਈਪਲਾਈਨ ਬੁਰੀ ਹਾਲਤ ਵਿਚ ਹੈ, ਪਰ ਪ੍ਰਬੰਧਨ ਨੇ ਕੋਈ ਕਾਰਵਾਈ ਨਾ ਕੀਤੀ। ਇਸ ਤਰ੍ਹਾਂ ਲੱਗਦਾ ਹੈ ਕਿ ਥੋੜ੍ਹੀ ਮਾਤਰਾ ਵਿਚ ਗੈਸ ਦਾ ਰਿਸਾਅ ਪਾਈਪਲਾਈਨ ਦੇ ਫਟਨ ਤੋਂ ਪਹਿਲਾਂ ਦੇ 24 ਘੰਟਿਆਂ ਦੌਰਾਨ ਜਾਰੀ ਸੀ। ਭਿਲਾਈ ਸਟੀਲ ਪਲਾਂਟ ਦੇ ਕਰਮਚਾਰੀਆਂ ਦੀ ਯੂਨੀਅਨ ਦੇ ਮੈਂਬਰ ਨੇ ਦੱਸਿਆ ਹੈ ਕਿ ਸੁਰੱਖਿਆ ਦੇ ਸਬੰਧ ਵਿਚ ਲਾਪਰਵਾਹੀ ਕਰਨ ਦਾ ਪ੍ਰਬੰਧਨ ਦਾ ਲੰਬਾ ਇਤਿਹਾਸ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਬਹੁਤ ਸਾਰੀਆਂ ਪਾਈਪਲਾਈਨਾਂ ਨੂੰ ਬਦਲਿਆ ਨਹੀਂ ਗਿਆ ਹੈ।

ਭਿਲਾਈ ਸਟੀਲ ਪਲਾਂਟ ਵਿਚ ਘਾਤਕ ਦੁਰਘਟਨਾਵਾਂ ਦਾ ਲੰਬਾ ਇਤਿਹਾਸ ਹੈ। 2011 ਅਤੇ 2012 ਵਿਚ ਇੱਕ-ਇੱਕ ਵਿਅਕਤੀ ਦੀ ਮੌਤ ਹੋਈ। 2013 ਵਿਚ ਪੰਜ ਵਿਅਕਤੀਆਂ ਦੀ ਮੌਤ ਹੋਈ। 2014 'ਚ ਪਹਿਲਾਂ ਵੀ ਇੱਕ ਘਾਤਕ ਹਾਦਸਾ ਹੋ ਚੁੱਕਾ ਹੈ। ਇਸ ਕਾਰਖਾਨੇ ਵਿਚ ਹੋਰ ਵੀ ਦੂਸਰੀ ਬਹੁਤ-ਸਾਰੀਆਂ ਦੁਰਘਟਨਾਵਾਂ ਹੁੰਦੀਆਂ ਆਈਆਂ ਹਨ ਜਿਨ੍ਹਾਂ ਨੂੰ ਅਧਿਕਾਰੀਆਂ ਨੇ "ਛੋਟੀਆਂ" ਦੁਰਘਟਨਾਵਾਂ ਦਾ ਦਰਜਾ ਦਿੱਤਾ ਹੈ -- 2011 ਵਿੱਚ 8, 2012 ਵਿੱਚ 6 ਅਤੇ 2013 ਵਿੱਚ 12 ਦੁਰਘਟਨਾਵਾਂ ਹੋਈਆਂ ਹਨ। ਇਸ ਭਿਆਨਕ ਇਤਿਹਾਸ ਦੇ ਬਾਵਜੂਦ, ਰੇਲ-ਪਟਰੀਆਂ ਅਤੇ ਭਾਰੀ ਸਟੀਲ ਦੀਆਂ ਮੋਟੀਆਂ ਪਲੇਟਾਂ ਦਾ ਉਤਪਾਦਨ ਕਰਨ ਵਾਲੇ ਭਿਲਾਈ ਸਟੀਲ ਪਲਾਂਟ ਨੂੰ 11 ਵਾਰ "ਦੇਸ਼ ਦੇ ਸਰਬੋਤਮ ਸਟੀਲ ਕਾਰਖਾਨੇ" ਦਾ ਖਿਤਾਬ ਪ੍ਰਧਾਨ ਮੰਤਰੀ ਤੋਂ ਮਿਲ ਚੁੱਕਿਆ ਹੈ! ਇਹ ਸਾਫ-ਸਾਫ਼ ਦਿਖਾਉਂਦਾ ਹੈ ਕਿ ਸੱਭ ਤੋਂ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਨਜ਼ਰਾਂ 'ਚ "ਸਰਬੋਤਮ" ਕਾਰਖਾਨਾ ਚੁਨਣ ਦੇ ਮਾਪਦੰਡਾਂ ਵਿਚ, ਕਾਰਖਾਨਿਆਂ ਅਤੇ ਉਦਯੋਗਾਂ ਵਿੱਚ ਧਨ-ਦੌਲਤ ਪੈਦਾ ਕਰਨ ਵਾਲੇ ਮਿਹਨਤਕਸ਼ ਲੋਕਾਂ ਦੀ ਸੁਰੱਖਿਆ ਅਤੇ ਸਲਾਮਤੀ ਦੀ ਕੋਈ ਗਿਣਤੀ ਨਹੀਂ ਹੈ।

ਪੂਰੇ ਦੇਸ਼ ਵਿਚ ਮਜ਼ਦੂਰਾਂ ਦੇ ਲਈ ਕੰਮ ਕਰਨ ਦੀਆਂ ਥਾਵਾਂ ਬਹੁਤ ਅਸੁਰੱਖਿਅਤ ਹੁੰਦੀਆਂ ਹਨ। ਇਸ ਤਰ੍ਹਾਂ ਸਿਰਫ਼ ਛੋਟੇ ਕਾਰਖਾਨਿਆਂ ਅਤੇ ਵਪਾਰਾਂ ਵਿਚ ਨਹੀਂ ਹੁੰਦਾ, ਬਲਕਿ ਸੱਭ ਤੋਂ ਵੱਡੇ ਉਦਯੋਗਾਂ ਵਿਚ ਵੀ ਹੁੰਦਾ ਹੈ। ਹਰ ਸਾਲ ਨਿੱਜੀ ਕੰਪਨੀਆਂ ਵਿਚ ਅਤੇ ਸਰਬਜਨਕ ਖੇਤਰ ਦੇ ਉਦਯੋਗਾਂ ਵਿਚ ਵੀ, ਮਾਲਿਕਾਂ ਅਤੇ ਅਧਿਕਾਰੀਆਂ ਦੀ ਅਪਰਾਧਕ ਲਾਪਰਵਾਹੀ ਦੀ ਵਜ੍ਹਾ ਨਾਲ ਬਹੁਤ ਸਾਰੇ ਮਜ਼ਦੂਰਾਂ ਦੀ ਜਾਨ ਜਾਂਦੀ ਹੈ, ਕਿਉਂਕਿ ਉਦਯੋਗਾਂ ਵਿਚ ਮਜ਼ਦੂਰਾਂ ਨੂੰ ਸਿਰਫ਼ ਮੁਨਾਫੇ ਦੇ ਸਰੋਤ ਦੇ ਤੌਰ 'ਤੇ ਹੀ ਦੇਖਿਆ ਜਾਂਦਾ ਹੈ। ਉਹ ਉਨ੍ਹਾਂ ਤਕਨੀਕਾਂ ਅਤੇ ਰੱਖ-ਰਖਾਅ ਦੇ ਸਾਧਨਾਂ 'ਤੇ ਨਿਵੇਸ਼ ਨਹੀਂ ਕਰਦੇ, ਜੋ ਦੁਰਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਹੁੰਦੀਆਂ ਹਨ ਅਤੇ ਜਿਨ੍ਹਾਂ ਨਾਲ ਮਜ਼ਦੂਰਾਂ ਨੂੰ ਜ਼ਖ਼ਮੀ ਅਤੇ ਅਪਾਹਜ ਹੋਣ ਤੋਂ ਬਚਾਇਆ ਜਾ ਸਕਦਾ ਹੈ, ਜਦਕਿ ਆਪਣਾ ਮੁਨਾਫਾ ਵਧਾਉਣ ਲਈ, ਉਤਪਾਦਨ-ਯੋਗਤਾ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਵਧਾਉਣ ਵਿਚ ਜ਼ਰੂਰੀ ਪੂੰਜੀ ਨਿਵੇਸ਼ ਹੀ ਕਰਦੇ ਹਨ।

ਛੱਤੀਸਗੜ੍ਹ ਦੀ ਸੱਭ ਤੋਂ ਵੱਡੀ ਉਦਯੋਗਿਕ ਦੁਰਘਟਨਾ 2009 ਵਿਚ ਬਾਲਕੋ ਕਾਰਖਾਨੇ ਵਿਚ ਹੋਈ ਸੀ, ਜਦ 1200 ਮੈਗਾਵਾਟ ਬਿਜਲੀਘਰ ਦੀ 275 ਮੀ. ਉੱਚੀ ਚਿਮਨੀ ਨਿਰਮਾਣ ਦੇ ਦੌਰਾਨ ਢਹਿ ਗਈ ਅਤੇ 41 ਤੋਂ ਵੀ ਜ਼ਿਆਦਾ ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਇੱਕ ਨਿਆਇਕ ਅਯੋਗ ਨੇ ਕੰਪਨੀ ਅਤੇ ਉਸ ਦੇ ਪ੍ਰਸ਼ਾਸਨ ਨੂੰ ਨਿਰਮਾਣ ਵਿਚ ਘਟੀਆ ਮਾਲ ਦੇ ਇਸਤੇਮਾਲ ਲਈ ਦੋਸ਼ੀ ਠਹਿਰਾਇਆ ਸੀ।

ਭਿਲਾਈ ਵਿਚ ਐਸ.ਏ.ਆਈ.ਐਲ. ਦੀ ਮੁੱਖ ਕੰਪਨੀ ਅਤੇ ਐਲੂਮੀਨੀਅਮ ਦੀ ਵਿਸ਼ਾਲ ਬਾਲਕੋ ਕੰਪਨੀ ਤੋਂ ਲੈ ਕੇ ਛੋਟੇ ਸਪੰਜ ਲੋਹੇ ਦੀਆਂ ਇਕਾਈਆਂ ਵਿਚ ਦੁਰਘਟਨਾਵਾਂ ਹੁੰਦੀਆਂ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਮਾਨਕ ਨਿਯਮਾਂ ਦੀ ਉਲੰਘਣਾ ਕਾਰਨ ਹੁੰਦੀਆਂ ਹਨ, ਜੋ ਆਮ ਤੌਰ 'ਤੇ ਇਸ ਲਈ ਹੁੰਦੀਆਂ ਹਨ ਕਿਉਂਕਿ ਮਹੱਤਵਪੂਰਣ ਕੰਮਾਂ ਲਈ ਵੀ ਗੈਰ ਤਜਰਬੇਕਾਰ ਠੇਕਾ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾਂਦਾ ਹੈ। ਪੱਕੇ ਕਰਮਚਾਰੀਆਂ ਦੇ ਕੰਮਾਂ ਨੂੰ ਵੀ ਠੇਕੇ ਦੇ ਮਜ਼ਦੂਰਾਂ ਤੋਂ ਕਰਵਾਇਆ ਜਾਂਦਾ ਹੈ। ਖਾਨਾਂ ਲਈ ਬਾਰੂਦ ਵਿਸਫੋਟ ਕਰਨ ਦਾ ਸੰਵੇਦਨਸ਼ੀਲ ਕੰਮ ਵੀ ਗੈਰ-ਤਕਨੀਕੀ ਮਜ਼ਦੂਰਾਂ ਤੋਂ ਕਰਵਾਇਆ ਜਾਂਦਾ ਹੈ। ਕੰਪਨੀਆਂ ਖਰਚੇ ਨੂੰ ਘੱਟ ਕਰਨ ਲਈ ਠੇਕੇ 'ਤੇ ਕੰਮ ਕਰਵਾਉਂਦੀਆਂ ਹਨ ਅਤੇ ਸੁਰੱਖਿਆ ਮਾਨਕਾਂ ਅਤੇ ਮਜ਼ਦੂਰਾਂ ਦੀ ਸਿਹਤ ਦੀ ਫਿਕਰ ਨਹੀਂ ਕਰਦੀਆਂ। ਤੱਥਾਂ ਦੇ ਅਨੁਸਾਰ ਭਿਲਾਈ ਦੇ ਕਾਰਖਾਨੇ ਵਿਚ ਇੱਕ ਸਮੇਂ 84,000 ਪੱਕੇ ਮਜ਼ਦੂਰ ਸਨ ਜੋ ਹੁਣ ਘੱਟ ਕੇ ਸਿਰਫ਼ 32,000 ਰਹਿ ਗਏ ਹਨ, ਜਦਕਿ ਉਤਪਾਦਨ ਤਿੰਨ ਗੁਣਾ ਹੋ ਗਿਆ ਹੈ। ਕੋਲ ਇੰਡੀਆ ਲਿਮਟਿਡ ਦੇਸ਼ ਦੇ 80 ਫੀਸਦੀ ਕੋਲੇ ਦਾ ਉਤਪਾਦਨ ਕਰਦਾ ਹੈ, ਪਰ ਉਸ ਦੇ 60 ਫੀਸਦੀ ਮਜ਼ਦੂਰ ਠੇਕੇ 'ਤੇ ਕੰਮ ਕਰਦੇ ਹਨ। ਇਹ ਠੇਕਾ ਮਜ਼ਦੂਰ ਜ਼ਿਆਦਾਤਰ ਗੈਰ-ਤਜਰਬੇਕਾਰ ਹਨ ਅਤੇ ਸੁਰੱਖਿਆ ਬਾਰੇ ਜਾਣਕਾਰੀ ਨਹੀਂ ਰੱਖਦੇ।

ਇਸ ਤਰ੍ਹਾਂ ਦੇ ਹਾਦਸਿਆਂ ਦੇ ਬਾਅਦ ਜ਼ਿਆਦਾਤਰ ਅਧਿਕਾਰੀ ਦੁੱਖ ਦਾ ਦਿਖਾਵਾ ਕਰਦੇ ਹਨ, ਜ਼ਖ਼ਮੀਆਂ ਜਾਂ ਮ੍ਰਿਤਕਾਂ ਦੇ ਪਰਿਵਾਰਾਂ ਲਈ ਕੁੱਝ ਮੁਆਵਜ਼ੇ ਅਤੇ ਜਾਂਚ ਦਾ ਐਲਾਨ ਕਰਦੇ ਹਨ। ਇਸ ਤਰ੍ਹਾਂ ਦੀਆਂ "ਦੁਰਘਟਨਾਵਾਂ" ਦਾ ਵਾਰ-ਵਾਰ ਹੋਣਾ ਦਿਖਾਉਂਦਾ ਹੈ ਕਿ ਅਧਿਕਾਰੀ ਇਨ੍ਹਾਂ ਨੂੰ ਖਤਮ ਕਰਨ ਵਿੱਚ ਦਿਲਚਸਪੀ ਨਹੀਂ ਰੱਖਦੇ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ, ਕਿਉਂਕਿ ਕੰਮ ਦੀਆਂ ਥਾਵਾਂ 'ਤੇ ਪ੍ਰਭਾਵਸ਼ਾਲੀ ਸੁਰੱਖਿਆ ਯਕੀਨੀ ਬਣਾਉਣ ਲਈ ਤਰੀਕਿਆਂ ਨੂੰ ਅਪਨਾਉਣ ਨਾਲ ਮਾਲਕਾਂ ਅਤੇ ਸਰਕਾਰ ਨੂੰ ਕੋਈ ਮੁਨਾਫਾ ਨਹੀਂ ਹੁੰਦਾ। ਪਲਾਂਟ ਦੀ ਸਾਲਾਨਾ 39 ਲੱਖ ਟਨ ਉਤਪਾਦਨ-ਯੋਗਤਾ ਨੂੰ ਵਧਾਕੇ ਸਾਲਾਨਾ 70 ਲੱਖ ਟਨ ਕਰਨ ਲਈ ਸਰਕਾਰੀ ਮਾਲਕੀ ਵਾਲਾ ਐਸ.ਏ.ਆਈ.ਐਲ 18,000 ਕਰੋੜ ਰੁਪਏ ਦਾ ਨਿਵੇਸ਼ ਕਰ ਰਿਹਾ ਹੈ। ਲੋਕਾਂ ਦੇ ਇਸ ਪੈਸੇ ਵਿਚੋਂ ਕਿੰਨਾ ਪੈਸਾ ਮਜ਼ਦੂਰਾਂ ਅਤੇ ਕਾਰਖਾਨੇ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਦੀ ਸੁਰੱਖਿਆ 'ਤੇ ਨਿਵੇਸ਼ ਕੀਤਾ ਜਾਵੇਗਾ?

ਪੂਰੀ ਦੁਨੀਆ ਦੇ ਮਜ਼ਦੂਰਾਂ ਨੇ ਕੰਮ ਦੇ ਸੁਰੱਖਿਅਤ ਵਾਤਾਵਰਣ ਲਈ ਸੰਘਰਸ਼ ਕੀਤਾ ਹੈ ਅਤੇ ਪੂੰਜੀਪਤੀਆਂ ਅਤੇ ਸਰਕਾਰਾਂ ਨੂੰ ਸੁਰੱਖਿਆ ਦੇ ਕਦਮਾਂ ਲਈ ਮਜਬੂਰ ਕੀਤਾ ਹੈ। ਪਰ ਪੂੰਜੀਪਤੀਆਂ ਦਾ ਟੀਚਾ ਨਿੱਜੀ ਮੁਨਾਫਾ ਕਮਾਉਣਾ ਹੈ ਨਾ ਕਿ ਆਬਾਦੀ ਦੇ ਬਹੁ-ਗਿਣਤੀ ਲੋਕਾਂ ਦੀ ਭਲਾਈ। ਇਸ ਲਈ ਪੂੰਜੀਪਤੀ ਵਰਗ ਦੀਆਂ ਸਰਕਾਰਾਂ ਕੰਮ

**ਬਾਕੀ ਸਫਾ 11 'ਤੇ**



## ਦਿੱਲੀ 'ਚ ਸਰਕਾਰ ਨਾ ਹੋਣ ਦਾ ਸੰਕਟ...

**ਸਫਾ 1 ਦੀ ਬਾਕੀ**

ਹੈ। ਸੰਪ੍ਰਭੁਤਾ, ਜਾਣੀ ਸੱਭ ਦੇ ਲਈ ਫੈਸਲੇ ਲੈਣ ਦੀ ਤਾਕਤ, ਸਿਰਫ ਕੇਂਦਰੀ ਸੰਸਦ ਦੇ ਹੱਥਾਂ ਵਿੱਚ ਹੈ। ਸੰਸਦ ਦੇ ਅੰਦਰ ਇਹ ਤਾਕਤ ਕਾਰਜਕਾਰਣੀ ਦੇ ਹੱਥਾਂ ਵਿੱਚ ਕੇਂਦਰਤ ਹੈ। ਕਾਰਜਕਾਰਣੀ ਦੀ ਅਗਵਾਈ ਰਾਸ਼ਟਰਪਤੀ ਕਰਦਾ ਹੈ, ਜਿਹੜਾ ਖੁਦ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੇ ਮੰਤਰੀ ਮੰਡਲ ਦੀ ਸਲਾਹ ਦਾ ਪਾਲਣ ਕਰਨ 'ਤੇ ਪ੍ਰਤੀਬੱਧ ਹੈ। ਕੇਂਦਰ ਵਲੋਂ ਕੁੱਝ ਤਾਕਤਾਂ ਸੂਬਿਆਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਜਦ ਕਿਸੇ ਸੂਬੇ ਦੀ ਵਿਧਾਨ ਸਭਾ ਮੁਅੱਤਲ ਹੁੰਦੀ ਹੈ ਤਾਂ ਇਹ ਤਾਕਤਾਂ ਵਾਪਸ ਕੇਂਦਰ ਦੇ ਕੋਲ ਆ ਜਾਂਦੀਆਂ ਹਨ। ਦੂਸਰੇ ਸ਼ਬਦਾਂ ਵਿੱਚ, ਉਚਤਮ ਤਾਕਤ ਕੇਂਦਰੀ ਕਾਰਜਕਾਰਣੀ ਦੇ ਹੱਥਾਂ ਵਿੱਚ ਹੁੰਦੀ ਹੈ। ਸੰਵਿਧਾਨ ਦੇ ਇਨ੍ਹਾਂ ਇੰਤਜ਼ਾਮਾਂ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਫੈਸਲੇ ਲੈਣ ਦਾ ਅਧਿਕਾਰ ਸਿਰਫ ਸਰਮਾਏਦਾਰ ਜਮਾਤ ਦੇ ਹੱਥਾਂ ਵਿੱਚ ਹੀ ਰਹੇ।

ਉਚਤਮ ਤਾਕਤ ਕੇਂਦਰੀ ਕਾਰਜਕਾਰਣੀ ਦੇ ਹੱਥਾਂ 'ਚ ਦੇ ਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸਰਵਉੱਚ ਤਾਕਤ ਹਮੇਸ਼ਾ ਹੀ ਵੱਡੇ-ਵੱਡੇ ਅਜਾਰੇਦਾਰ ਘਰਾਣਿਆਂ ਦੀ ਅਗਵਾਈ ਹੇਠ ਸਰਮਾਏਦਾਰ ਜਮਾਤ ਦੇ ਹੱਥਾਂ ਵਿੱਚ ਰਹੇ, ਉਸ ਵਕਤ ਵੀ ਜਦ ਕੋਈ ਚੁਣੀ ਹੋਈ ਸਰਕਾਰ ਨਾ ਹੋਵੇ।

ਕੇਂਦਰ ਜਾਂ ਕਿਸੇ ਵੀ ਸੂਬੇ ਵਿੱਚ ਚੋਣਾਂ ਦਾ ਕਿਹੜਾ ਦੌਰ ਕਦੋਂ ਹੋਵੇਗਾ, ਮੁੱਖ ਟੀ.ਵੀ. ਚੈਨਲਾਂ 'ਤੇ ਕਿਹੜੀਆਂ-ਕਿਹੜੀਆਂ ਪਾਰਟੀਆਂ ਅਤੇ ਵਿਅਕਤੀਆਂ ਨੂੰ ਉਪਰ ਚੁੱਕਿਆ ਜਾਵੇਗਾ, ਸਰਕਾਰ ਬਣਾਉਣ ਦੇ ਅਮਲ ਦੇ ਦੌਰਾਨ ਕਿਸ-ਕਿਸ ਕਿਸਮ ਦੇ ਦਾਅਪੇਚ ਖੇਡੇ ਜਾਂਦੇ ਹਨ ਅਤੇ ਗੁਪਤ ਸੌਦੇ ਕੀਤੇ ਜਾਂਦੇ ਹਨ -- ਇਨ੍ਹਾਂ ਸੱਭ ਦਾ ਫੈਸਲਾ ਸਰਮਾਏਦਾਰ ਜਮਾਤ ਅਤੇ ਉਹਦੇ ਵਲੋਂ ਸਿਖਲਾਈ ਦਿੱਤੇ ਗਏ ਅਤੇ ਉਹਦੇ ਵਿਸ਼ਵਾਸਪਾਤਰ ਲੀਡਰ ਹੀ ਕਰਦੇ ਹਨ। ਅਸਲੀਅਤ ਵਿੱਚ ਇਸ ਘੱਟ-ਗਿਣਤੀ ਜਮਾਤ ਦੇ ਹੱਤਾਂ ਵਿੱਚ ਹੀ ਸਰਵਉੱਚ ਤਾਕਤ ਹੁਮਦਿ ਹੈ।

ਫੈਸਲੇ ਲੈਣ ਵਿੱਚ ਮਜ਼ਦੂਰ ਜਮਾਤ, ਕਿਸਾਣੀ, ਕਾਰੀਗਰਾਂ ਅਤੇ ਹੋਰ ਸਵੈ-ਰੁਜ਼ਗਾਰ ਤੇ ਛੋਟੀ ਜਾਇਦਾਦ ਵਾਲੀਆਂ ਜਮਾਤਾਂ ਅਤੇ ਵਰਗਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ। ਉਨ੍ਹਾਂ ਦੀ ਭੂਮਿਕਾ ਸਿਰਫ ਵੋਟਾਂ ਪਾਉਣ ਦੇ ਦਿਨ ਤਕ ਹੀ ਸੀਮਿਤ ਹੁੰਦੀ ਹੈ। ਵੋਟਾਂ ਪਾਉਣ ਤੋਂ ਬਾਦ ਅੱਗੇ ਕੀ ਹੁੰਦਾ ਹੈ, ਉਸਦਾ ਫੈਸਲਾ ਉਹ ਨਹੀਂ ਕਰ ਸਕਦੇ।

ਚੋਣਾਂ ਦੇ ਲਈ ਉਮੀਦਵਾਰਾਂ ਦੀ ਛਾਂਟ ਤੋਂ ਸ਼ੁਰੂ ਕਰਕੇ, ਸਮੁੱਚੀ ਚੋਣ ਪਰਕਿਰਿਆ ਉੱਤੇ ਵੱਡੇ ਪੈਸਿਆਂ ਦੇ ਬਲ ਨਾਲ ਸਮਰਥਤ ਪਾਰਟੀਆਂ ਹਾਵੀ ਹਨ। ਮਿਹਨਤਕਸ਼ਾਂ ਨੂੰ ਅਜੇਹੇ ਉਮੀਦਵਾਰਾਂ ਵਿੱਚੋਂ ਇੱਕ ਨੂੰ ਚੁਣਨ ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਉਹ ਜਣਦੇ ਤਕ ਨਹੀਂ ਅਤੇ ਜਿਨ੍ਹਾਂ ਦੀ ਉਹ ਤਕਸੀਦ ਨਹੀਂ ਕਰਦੇ ਹਨ। ਵੋਟ ਦੇਣ ਤੋਂ ਬਾਦ ਉਨ੍ਹਾਂ ਦੀ ਭੂਮਿਕਾ ਬਿਲਕੁੱਲ ਖਤਮ ਹੋ ਜਾਂਦੀ ਹੈ। ਉਨ੍ਹਾਂ ਨੂੰ ਸੰਪੂਰਨ ਤਾਕਤ ਚੁਣੇ ਗਏ ਪ੍ਰਤੀਨਿਧੀ ਦੇ ਸਪੁਰਦ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਕੁੱਛ ਵੀ ਤਾਕਤ ਨਹੀਂ ਬਚਦੀ। ਉਨ੍ਹਾਂ ਦਾ ਭਵਿੱਖ, ਸਰਮਾਏਦਾਰਾਂ ਦੇ ਵੱਖ-ਵੱਖ ਧੜਿਆਂ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਪਾਰਟੀਆਂ ਦੇ ਫੈਸਲਿਆਂ ਉੱਤੇ ਨਿਰਭਰ ਹੋ ਜਾਂਦਾ ਹੈ।

ਵਰਤਮਾਨ ਪ੍ਰਣਾਲੀ ਅੰਦਰ ਚੋਣਾਂ ਦੇ ਜ਼ਰੀਏ ਸਰਮਾਏਦਾਰਾਂ ਦੇ ਆਪਸੀ ਅੰਤਰ-ਵਿਰੋਧਾਂ ਦਾ ਹੱਲ ਕੀਤਾ ਜਾਂਦਾ ਹੈ ਅਤੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਅਤੇ ਸਰਮਾਏਦਾਰਾਂ ਦੇ ਇੱਕੋ ਪ੍ਰੋਗਰਾਮ ਨੂੰ ਵਧੇਰੇ ਅਸਰਦਾਰ ਤਰੀਕੇ ਨਾਲ ਅੱਗੇ ਵਧਾਉਣ ਖਾਤਰ, ਸੱਤਾਧਾਰੀ ਪਾਰਟੀ ਬਦਲ ਦਿੱਤੀ ਜਾਂਦੀ ਹੈ। ਅਜੇਹਾ ਉਦੋਂ-ਉਦੋਂ ਕੀਤਾ ਜਾਂਦਾ ਹੈ ਜਦੋਂ-ਜਦੋਂ ਹੁਕਮਰਾਨ ਜਮਾਤ ਚਾਹੁੰਦੀ ਹੈ। ਇਹ ਸਰਮਾਏਦਾਰ ਜਮਾਤ ਦੇ ਲਈ ਜਮਹੂਰੀਅਤ ਹੈ ਲੇਕਿਨ ਮਿਹਨਤਕਸ਼ ਜਨ-ਸਮੂਹ ਦੇ ਲਈ ਇੱਕ ਬੇਰਹਿਮ ਡਿਕਟੇਟਰਸ਼ਿੱਪ ਹੈ।

ਮਜ਼ਦੂਰ ਜਮਾਤ ਅਤੇ ਮਿਹਨਤਕਸ਼ਾਂ ਨੂੰ ਆਪਣੀ ਸੱਤਾਹੀਣਤਾ ਖਤਮ ਕਰਨ ਲਈ ਅਤੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਆਰਥਕਤਾ ਨੂੰ ਚਲਾਉਣ ਦੇ ਲਈ, ਜਮਹੂਰੀਅਤ ਦੀ ਇੱਕ ਨਵੀਂ ਪ੍ਰਣਾਲੀ ਦੀ ਜ਼ਰੂਰਤ ਹੈ। ਸਾਨੂੰ ਇੱਕ ਅਜੇਹੀ ਪ੍ਰਣਾਲੀ ਦੀ ਜ਼ਰੂਰਤ ਹੈ ਜਿਹਦੇ ਅੰਦਰ ਮਿਹਨਤਕਸ਼ ਬਹੁ-ਗਿਣਤੀ ਲਈ ਜਮਹੂਰੀਅਤ ਹੋਵੇਗੀ ਅਤੇ ਲੁੱਟ-ਖਸੁੱਟ ਕਰਨ ਵਾਲੀ ਘੱਟ-ਗਿਣਤੀ ਉੱਤੇ ਡਿਕਟੇਟਰਸ਼ਿੱਪ ਹੋਵੇਗੀ।

ਜਮਹੂਰੀਅਤ ਦੀ ਇਸ ਨਵੀਂ ਪ੍ਰਣਾਲੀ ਤੋਂ ਇੱਕ ਮੁੱਖ ਆਵੱਸ਼ਕਤਾ (ਮੰਗ) ਇਹ ਹੋਵੇਗੀ ਕਿ ਸੰਪ੍ਰਭੁਤਾ ਲੋਕਾਂ ਦੇ ਹੱਥਾਂ ਵਿੱਚ ਹੋਵੇ, ਨਾ ਕਿ ਕੇਂਦਰੀ ਸੰਸਦ ਦੇ ਹੱਥਾਂ ਵਿੱਚ। ਇਸਦਾ ਮਤਲਬ ਇਹ ਹੈ ਕਿ ਮਿਹਨਤਕਸ਼ ਬਹੁ-ਗਿਣਤੀ ਨੂੰ ਚੋਣਾਂ ਦੇ ਲਈ ਆਪਣੇ ਉਮੀਦਵਾਰ ਛਾਂਟ ਕੇ ਮਨੋਨੀਤ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ; ਉਨ੍ਹਾਂ ਨੂੰ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਦੇ ਫੈਸਲਿਆਂ ਦਾ ਸ਼ਿਕਾਰ ਨਹੀਂ ਬਣੇ ਰਹਿਣਾ ਚਾਹੀਦਾ। ਜਦੋਂ ਮਿਹਨਤਕਸ਼ ਲੋਕ ਕਿਸੇ ਨੂੰ ਚੁਣਦੇ ਹਨ ਤਾਂ ਉਨ੍ਹਾਂ ਨੂੰ ਪੂਰੀ ਤਾਕਤ ਚੁਣੇ ਗਏ ਪ੍ਰਤੀਨਿਧੀਆਂ ਦੇ ਸਪੁਰਦ ਨਹੀਂ ਕਰ ਦੇਣੀ ਚਾਹੀਦੀ। ਚੁਣੇ ਗਏ ਪ੍ਰਤੀਨਿਧੀ ਨੂੰ ਕਿਸੇ ਵੀ ਸਮੇਂ ਵਾਪਸ ਬੁਲਾਉਣ, ਵਿਧਾਨਕ ਤੇ ਨੀਤੀਗਤ ਮਤੇ ਤਜਵੀਜ਼ ਕਰਨ ਅਤੇ ਰਾਇ-ਸ਼ੁਮਾਰੀ ਦੇ ਜ਼ਰੀਏ ਮਹੱਤਵਪੂਰਨ ਫੈਸਲਿਆਂ ਦੀ ਤਸਦੀਕ ਕਰਨ ਦੇ ਅਧਿਕਾਰ, ਲੋਕਾਂ ਦੇ ਹੱਥਾਂ ਵਿੱਚ ਰਹਿਣੇ ਚਾਹੀਦੇ ਹਨ। ਸੱਭ ਤੋਂ ਮਹੱਤਵਪੂਰਨ ਅਧਿਕਾਰ, ਸੰਵਿਧਾਨ ਵਿੱਚ ਸੋਧਾਂ ਕਰਨ ਜਾਂ ਪੂਰਾ ਸੰਵਿਧਾਨ ਮੁੜ ਕੇ ਲਿਖਣ ਦਾ ਅਧਿਕਾਰ ਵੀ ਲੋਕਾਂ ਕੋਲ ਹੋਣਾ ਚਾਹੀਦਾ ਹੈ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ, ਜੋ ਮਜ਼ਦੂਰ ਜਮਾਤ ਦੀ ਪਾਰਟੀ ਹੈ, ਵਰਤਮਾਨ ਰਾਜਨੀਤਕ ਪਰਕਿਰਿਆ ਦਾ ਵਿਰੋਧ ਕਰਦੀ ਹੈ, ਜਿਹਦੇ ਉੱਤੇ ਰਾਜਨੀਤਕ ਪਾਰਟੀਆਂ ਭਾਰੂ ਹਨ ਅਤੇ ਜਿਹਦੇ ਤਹਿਤ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ। ਸਾਡਾ ਮੰਨਣਾ ਇਹ ਹੈ ਕਿ ਆਧੁਨਿਕ ਰਾਜਨੀਤਕ ਪਾਰਟੀ ਦਾ ਫ਼ਰਜ ਬਹੁ-ਗਿਣਤੀ ਦੇ ਮਤ ਨੂੰ ਲਾਗੂ ਕਰਨਾ ਹੈ, ਨਾ ਕਿ ਸੱਤਾ ਦੇ ਦਰਵਾਜ਼ੇ 'ਤੇ ਦੁਆਰਪਾਲਕ ਬਣਕੇ ਬਹੁ-ਗਿਣਤੀ ਨੂੰ ਸਤਾ ਤੋਂ ਬਾਹਰ ਰੱਖਣਾ।

ਕਮਿਊਨਿਸਟ ਗ਼ਦਰ ਪਾਰਟੀ, ਦਿੱਲੀ ਦੇ ਮਿਹਨਤਕਸ਼ ਪੁਰਸ਼ਾਂ, ਇਸਤਰੀਆਂ ਅਤੇ ਨੌਜਵਾਨਾਂ ਨੂੰ ਸੱਦਾ ਦਿੰਦੀ ਹੈ ਕਿ ਆਪਾਂ ਮੌਨ-ਦਰਸ਼ਕ ਬਣੇ ਰਹਿਣ ਤੋਂ ਇਨਕਾਰ ਕਰ ਦਈਏ ਅਤੇ ਆਪਣੇ ਭਖਦੇ ਮਸਲਿਆਂ ਦੇ ਅਸਲੀ ਹੱਲ ਲਈ ਆਪਣਾ ਸੰਘਰਸ਼ ਤੇਜ਼ ਕਰ ਦਈਏ। ਆਪਾਂ ਆਪਣੀਆਂ ਯੂਨੀਅਨਾਂ ਅਤੇ ਜਥੇਬੰਦੀਆਂ ਨੂੰ ਮਜਬੂਤ ਕਰੀਏ, ਰਿਹਾਇਸ਼ੀ ਇਲਾਕਿਆਂ ਅਤੇ ਕੰਮ ਦੀਆਂ ਥਾਵਾਂ 'ਤੇ ਜਨਤਕ ਸਮਿਤੀਆਂ ਨੂੰ ਮਜਬੂਤ ਕਰੀਏ। ਹਿੰਦੋਸਤਾਨੀ ਗਣਰਾਜ ਨੂੰ ਪੁਨਰ-ਗਠਿਤ ਕਰਨ ਅਤੇ ਸੱਭ ਦੀ ਖੁਸ਼ਹਾਲੀ ਅਤੇ ਸੁਰੱਖਿਆ ਯਕੀਨੀ ਬਣਾਉਣ ਦੇ ਲਈ ਆਰਥਕਤਾ ਨੂੰ ਨਵੀਂ ਦਿਸ਼ਾ ਦੇਣ ਦੇ ਪ੍ਰੋਗਰਾਮ ਦੇ ਦੁਆਲੇ ਇੱਕਜੁੱਟ ਹੋ ਕੇ, ਆਪਾਂ ਇੱਕ ਪ੍ਰਬਲ ਰਾਜਨੀਤਕ ਸ਼ਕਤੀ ਬਣ ਜਾਈਏ! ■

---

## ਭਿਲਾਈ... ਵਿੱਚ "ਦੁਰਘਟਨਾਵਾਂ"...

**ਸਫਾ 10 ਦੀ ਬਾਕੀ**

ਦੀਆਂ ਥਾਵਾਂ 'ਤੇ ਸੁਰੱਖਿਆ ਨਿਯਮਾਂ ਦੇ ਘਾਣ ਨੂੰ ਵੀ ਨਜ਼ਰਅੰਦਾਜ਼ ਕਰਦੀਆਂ ਹਨ। ਇਸ ਸਬੰਧੀ ਬਣਾਏ ਗਏ ਕਾਨੂੰਨਾਂ ਦਾ ਪਾਲਣ ਕਰਵਾਉਣ ਲਈ ਮਜ਼ਦੂਰਾਂ ਵੱਲੋਂ ਕੀਤੇ ਜਾਂਦੇ ਸੰਘਰਸ਼ ਹੀ ਲਾਹੇਵੰਦ ਸਿੱਧ ਹੋ ਸਕਦੇ ਹਨ। ਜਦ ਮਿਹਨਤਕਸ਼ਾਂ ਦਾ ਰਾਜ ਸਥਾਪਿਤ ਹੋਵੇਗਾ ਅਤੇ ਵੱਡੇ ਪੱਧਰ ਦੇ ਸਾਰੇ ਉਤਾਪਦਨ ਦੇ ਸਾਧਨਾਂ ਨੂੰ ਜਦ ਮਿਹਨਤਕਸ਼ ਆਪਣੇ ਹੱਥ ਵਿਚ ਲੈਣਗੇ, ਸਿਰਫ਼ ਤਦ ਹੀ ਉਤਪਾਦਨ ਪ੍ਰਕਿਰਿਆ ਦਾ ਧਿਆਨ ਕੁੱਝ ਮੁੱਠੀਭਰ ਮਾਲਿਕਾਂ ਦੇ ਮੁਨਾਫਿਆਂ ਤੋਂ ਹਟ ਕੇ ਸੁਰੱਖਿਅਤ ਕੰਮ ਦੀਆਂ ਹਾਲਤਾਂ ਦੇ ਨਾਲ ਮਜ਼ਦੂਰਾਂ ਦੇ ਕਲਿਆਣ ਵਿਚ ਉਤਪਾਦਨ ਕਰਨ 'ਤੇ ਆਵੇਗਾ।

ਮਜ਼ਦੂਰ ਏਕਤਾ ਲਹਿਰ, ਇਨ੍ਹਾਂ ਹਾਦਸਿਆਂ ਲਈ ਅਧਿਕਾਰੀਆਂ ਅਤੇ ਸਰਕਾਰ ਦੀ ਕੜੀ ਨਿੰਦਿਆ ਕਰਦੀ ਹੈ ਅਤੇ ਮਜ਼ਦੂਰਾਂ ਨੂੰ ਸੱਦਾ ਦਿੰਦੀ ਹੈ ਕਿ ਸੁਰੱਖਿਅਤ ਕੰਮ ਦੀਆਂ ਹਾਲਤਾਂ ਲਈ ਅਤੇ ਮਜ਼ਦੂਰ-ਵਿਰੋਧੀ ਪੂੰਜੀਵਾਦੀ ਵਿਵਸਥਾ ਨੂੰ ਪੁੱਟ ਸੁੱਟਣ ਲਈ ਸਾਰੇ ਮਿਹਨਤਕਸ਼ ਇੱਕਜੁੱਟ ਹੋ ਜਾਓ। ■



## ਭਾਸ਼ਾ ਦਾ ਵਿਵਾਦ ਪੁਨਰ-ਜੀਵਤ:

# ਫੁੱਟ-ਪਾਊ ਅਤੇ ਭਟਕਾਊ ਦਾਅਪੇਚ

ਹੁਕਮਰਾਨ ਜਮਾਤ ਨੇ ਸਰਮਾਏਦਾਰਾਨਾ ਸੁਧਾਰਾਂ ਨੂੰ ਪੂਰੇ ਜੋਰ-ਸ਼ੋਰ ਨਾਲ ਅੱਗੇ ਵਧਾਉਣ ਲਈ ਤਿਆਰੀ ਕੱਸ ਲਈ ਹੈ। ਨਵੀਂ ਸਰਕਾਰ ਨੇ ਅਜੇਹੇ ਉਪਾਵਾਂ ਦਾ ਐਲਾਨ ਕਰਨ ਵਿਚ ਜ਼ਰਾ ਵੀ ਦੇਰ ਨਹੀਂ ਕੀਤੀ ਜਿਨ੍ਹਾਂ ਨਾਲ ਵੱਡੇ ਸਰਮਾਏਦਾਰਾਂ ਦੇ ਦਿੱਲ ਅੱਸ਼-ਅੱਸ਼ ਕਰ ਉਠੇ, ਜਦ ਕਿ ਇਨ੍ਹਾਂ ਨਾਲ ਮਜਦੂਰ ਜਮਾਤ ਤੇ ਲੋਕਾਂ ਦੀ ਲੁੱਟ ਅਤੇ ਦਮਨ ਨੂੰ ਤੇਜ਼ ਕੀਤਾ ਜਾਵੇਗਾ।

ਸਰਮਾਏਦਾਰਾਂ ਦੇ ਲਈ 'ਭਲੇ ਦਿਨਾਂ' ਦੇ ਵਾਦੇ ਦਾ ਲਾਜ਼ਮੀ ਅਰਥ ਆਮ ਲੋਕਾਂ ਲਈ ਮਾੜੇ ਦਿਨ ਹੀ ਹੈ। ਆਪਣੇ ਲੋਕ-ਦੋਖੀ ਉਪਾਵਾਂ ਨੂੰ ਲਾਗੂ ਕਰਨ ਖਾਤਰ ਹੁਕਮਰਾਨ ਜਮਾਤ ਲਈ ਲੋਕਾਂ ਵਿੱਚ ਫੁੱਟਾਂ ਪਾਉਣਾ ਅਤੇ ਉਨ੍ਹਾਂ ਨੂੰ ਗੁਮਰਾਹ ਕਰਨਾ ਜਰੂਰੀ ਹੈ, ਤਾਂ ਕਿ ਲੋਕ ਇਨ੍ਹਾਂ ਹਮਲਿਆਂ ਦਾ ਇੱਕਜੁੱਟ ਹੋ ਕੇ ਵਿਰੋਧ ਨਾ ਕਰ ਸਕਣ। ਹਿੰਦੋਸਤਾਨੀ ਹਾਕਮ ਜਮਾਤ ਦੇ ਅਸਲ਼ੇਖਾਨੇ ਵਿੱਚ ਇਸ ਮਕਸਦ ਲਈ ਅਨੇਕ ਅਜ਼ਮਾਏ ਹੋਏ ਹਥਿਆਰ ਹਨ। ਇਨ੍ਹਾਂ ਹਥਿਆਰਾਂ ਵਿੱਚੋਂ ਇੱਕ ਹੈ, ਭਾਸ਼ਾ ਦੇ ਅਧਾਰ 'ਤੇ ਲੋਕਾਂ ਵਿਚਾਲੇ ਭੇਦਭਾਵ ਕਰਨਾ ਅਤੇ ਉਨ੍ਹਾਂ 'ਚ ਫੁੱਟ ਪਾਉਣਾ।

ਹਾਲ ਹੀ ਵਿੱਚ, ਜਿਉਂ ਹੀ ਸਰਕਾਰੀ ਸਮਾਜਕ ਮੀਡੀਆ ਵੇਬਸਾਈਟਾਂ 'ਤੇ ਹਿੰਦੀ ਦੀ ਵਰਤੋਂ ਲਾਜ਼ਮੀ ਬਣਾਏ ਜਾਣ ਦਾ ਆਦੇਸ਼ ਜਾਰੀ ਕੀਤੇ ਜਾਣ ਦੀਆਂ ਖਬਰਾਂ ਆਈਆਂ, ਵੱਖ-ਵੱਖ ਗੈਰ-ਹਿੰਦੀ ਭਾਸ਼ੀ ਸੂਬਿਆਂ ਦੇ ਰਾਜਨੀਤਕ ਆਗੂਆਂ ਨੇ ਇਹ ਕਹਿ ਕੇ ਇਸਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਇਹ ਉਨ੍ਹਾਂ ਉੱਤੇ ਹਿੰਦੀ ਨੂੰ ਥੋਪਣ ਦੀ ਇੱਕ ਹੋਰ ਕੋਸ਼ਿਸ਼ ਹੈ ਅਤੇ ਉਨ੍ਹਾਂ ਦੇ ਇਲਾਕੇ ਦੇ ਲੋਕਾਂ ਨੂੰ ਇਹਦੇ ਨਾਲ ਨੁਕਸਾਨ ਹੋਵੇਗਾ। ਇਹਦੇ ਜਵਾਬ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੇ ਘੋਸ਼ਣਾ ਕੀਤੀ ਕਿ ਸਰਕਾਰ ਦੀ ਨੀਤੀ ਗੈਰ-ਹਿੰਦੀ ਇਲਾਕਿਆਂ ਉੱਤੇ ਹਿੰਦੀ ਨੂੰ ਥੋਪਣਾ ਨਹੀਂ ਹੈ ਅਤੇ ਇਹ ਆਦੇਸ਼ ਸਿਰਫ ਉਨ੍ਹਾਂ ਸੂਬਿਆਂ 'ਤੇ ਹੀ ਲਾਗੂ ਹੋਵੇਗਾ ਜਿੱਥੇ ਹਿੰਦੀ ਬੋਲੀ ਜਾਂਦੀ ਹੈ। ਇਹ ਵੀ ਕਿਹਾ ਗਿਆ ਕਿ ਦਰਅਸਲ ਇਹ ਆਦੇਸ਼ ਮਈ ਵਿੱਚ ਸੰਪ੍ਰਗ ਸਰਕਾਰ ਨੇ ਜਾਰੀ ਕੀਤਾ ਸੀ ਲੇਕਿਨ ਸਿਰਫ ਚੋਣਾਂ ਦੀ ਵਜ੍ਹਾ ਕਰਕੇ ਇਹਨੂੰ ਲਾਗੂ ਨਹੀਂ ਸੀ ਕੀਤਾ ਗਿਆ। ਇਨ੍ਹਾਂ ਸੱਭ ਮਿਸ਼ਰਤ ਸੰਦੇਸ਼ਾਂ ਦਾ ਨਤੀਜਾ ਇਹ ਹੈ ਕਿ ਹਿੰਦੀ ਭਾਸ਼ਾ ਦੇ ਰੁਤਬੇ ਦਾ ਮੁੱਦਾ ਇੱਕ ਬਾਰ ਫਿਰ ਮੋਹਰੇ ਲਿਆ ਦਿੱਤਾ ਗਿਆ ਹੈ, ਅਤੇ ਇਸ ਮੁੱਦੇ 'ਤੇ ਲੋਕਾਂ ਵਿੱਚ ਤੌਖਲੇ ਅਤੇ ਮੱਤਭੇਦਾਂ ਨੂੰ ਮੁੜ-ਸੁਰਜੀਤ ਕਰ ਦਿੱਤਾ ਗਿਆ ਹੈ।

ਪਿਛਲੇ ਕਈ ਦਹਾਕਿਆਂ ਦਾ ਅਨੁਭਵ ਇਹ ਵਿਖਾਉਂਦਾ ਹੈ ਕਿ ਕਿਵੇਂ, 1937 ਵਿੱਚ ਪਹਿਲੀਆਂ ਸੂਬਾਈ ਕਾਂਗਰਸ ਸਰਕਾਰਾਂ ਦੇ ਵੇਲੇ ਤੋਂ ਲੈਕੇ, ਸਰਮਾਏਦਾਰੀ ਨੇ 'ਰਾਜ-ਭਾਸ਼ਾ' ਦੇ ਮੁੱਦੇ ਨੂੰ ਰਾਜਨੀਤਕ ਭਾਵਨਾਵਾਂ ਨੂੰ ਭੜਕਾਉਣ ਲਈ ਵਰਤਿਆ ਹੈ। ਸੰਵਿਧਾਨ ਸਭਾ ਅੰਦਰ ਬਹਿਸਾਂ, ਸੰਵਿਧਾਨ ਵਿੱਚ ਧਾਰਾਵਾਂ 343, 344, 345, 348 ਤੇ 351 ਨੂੰ ਸ਼ਾਮਲ ਕਰਨਾ, ਰਾਜਭਾਸ਼ਾ ਆਯੋਗ ਦੀ ਰਿਪ੍ਰੋਟ, ਵੱਖ-ਵੱਖ ਪਾਰਲੀਮਾਨੀ ਕਮੇਟੀਆਂ ਦੀਆਂ ਰਿਪ੍ਰੋਟਾਂ, ਰਾਜਭਾਸ਼ਾ ਕਨੂੰਨ 1963 ਅਤੇ ਬਾਦ 'ਚ ਉਹਦੇ ਵਿੱਚ ਕੀਤੀਆਂ ਗਈਆਂ ਸੋਧਾਂ -- ਇਨ੍ਹਾਂ ਸੱਭ ਨਾਲ ਹਿੰਦੀ ਅਤੇ ਹਿੰਦੋਸਤਾਨੀ ਸੰਘ ਦੀਆਂ ਹੋਰ ਭਾਸ਼ਾਵਾਂ ਦੇ ਰੁੱਤਬੇ ਦੇ ਬਾਰੇ 'ਚ ਕੋਈ ਹੱਲ ਨਿਕਲਣਾ ਤਾਂ ਦੂਰ ਦੀ ਗੱਲ ਹੈ, ਸਗੋਂ ਇਨ੍ਹਾਂ ਨੇ ਵਿਵਾਦਾਂ ਨੂੰ ਸੁਲਘਦੇ ਰੱਖਿਆ ਹੈ ਅਤੇ ਲੋਕਾਂ ਵਿਚਾਲੇ ਪਾੜੇ ਨੂੰ ਹੀ ਹੋਰ ਵੀ ਗਹਿਰਾ ਕਰਨ ਦਾ ਹੀ ਕੰਮ ਕੀਤਾ ਹੈ। ਇਸ ਮੁੱਦੇ ਉੱਤੇ ਅੰਦੋਲਨਾਂ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਹਨ ਅਤੇ ਸੈਂਕੜੇ ਹੀ ਹੋਰ ਜ਼ਖਮੀ ਹੋਏ ਹਨ।

ਹਿੰਦੋਸਤਾਨੀ ਸੰਘ ਅੰਦਰ ਬਹੁਤ ਸਾਰੀਆਂ ਕੌਮਾਂ, ਕੌਮੀਅਤਾਂ ਅਤੇ ਕਬਾਇਲੀ ਲੋਕ ਵੱਸਦੇ ਹਨ, ਜਿਨ੍ਹਾਂ ਨੇ ਇਤਿਹਾਸਕ ਤੌਰ 'ਤੇ ਆਪੋ-ਆਪਣੀਆਂ ਭਾਸ਼ਾਵਾਂ ਨੂੰ ਵਿਕਸਤ ਕੀਤਾ ਹੈ; ਜਿਨ੍ਹਾਂ 'ਚੋਂ ਕਈ ਭਾਸ਼ਾਵਾਂ ਬਹੁਤ ਪ੍ਰਾਚੀਨ ਹਨ ਅਤੇ ਕਈ ਕ੍ਰੋੜਾਂ ਲੋਕ ਇਹ ਭਾਸ਼ਾਵਾਂ ਬੋਲਦੇ ਹਨ। ਸਾਡੇ ਸੱਭ ਲੋਕਾਂ ਵਿਚਕਾਰ ਸੁਖਾਵੇਂ ਸਬੰਧ ਬਣਾਈ ਰੱਖਣ ਲਈ, ਸੱਭ ਦੀਆਂ ਭਾਸ਼ਾਵਾਂ ਨੂੰ ਬਰਾਬਰ ਸਤਿਕਾਰ ਦੇਣਾ ਪਵੇਗਾ। ਇਸਦੇ ਨਾਲ ਹੀ, ਮੁਕੰਮਲ ਸਾਖਰਤਾ ਅਤੇ ਸੱਭ ਲਈ ਵਿੱਦਿਆ ਅਤੇ ਸੱਭਿਆਚਾਰ ਦੇ ਉੱਚੇ ਮਿਆਰਾਂ ਸਹਿਤ, ਲੋਕਾਂ ਸਮਾਜਕ ਅਤੇ ਆਰਥਕ ਤਰੱਕੀ ਹਾਸਲ ਕਰਨ ਲਈ, ਹਰੇਕ ਭਾਸ਼ਾ ਦੇ ਵਿਕਾਸ ਖਾਤਰ ਕੇਂਦਰੀ ਰਾਜ ਵਲੋਂ ਪੂਰੀ ਇਮਦਾਦ ਦਿੱਤੀ ਜਾਣੀ ਚਾਹੀਦੀ ਹੈ। ਕਿਸੇ ਵੀ ਲੋਕਾਂ ਨੂੰ ਕਿਸੇ ਦੂਸਰੇ ਦੀ ਭਾਸ਼ਾ ਸਿੱਖਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ, ਜਦ ਕਿ ਦੂਸਰੀਆਂ ਭਾਸ਼ਾਵਾਂ ਸਿੱਖਣ ਲਈ ਪੂਰਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਇੱਕ ਦੇਸ਼ ਅੰਦਰ ਬਹੁਤ ਸਾਰੀਆਂ ਭਾਸ਼ਾਵਾਂ ਹੋਣ ਦੇ ਮੁੱਦੇ ਦੇ ਸੁਖਾਵੇਂ ਹੱਲ ਲਈ ਇਹੀ ਅਧਾਰ ਹੋਣਾ ਚਾਹੀਦਾ ਹੈ। ਐਪਰ, ਸਰਮਾਏਦਾਰੀ ਨੂੰ ਕਿਸੇ ਹੱਲ 'ਤੇ ਪਹੁੰਚਣ 'ਚ ਕੋਈ ਦਿਲਚਸਪੀ ਨਹੀਂ ਹੈ। ਹਿੰਦੋਸਤਾਨ ਦੇ ਲੋਕਾਂ ਦੀਆਂ ਭਾਸ਼ਾਵਾਂ ਅਤੇ ਸੱਭਿਆਚਾਰਾਂ ਨੂੰ ਵਿਕਸਤ ਕਰਨ ਲਈ ਜਾਂ ਲੋਕਾਂ ਨੂੰ ਇੱਕ-ਦੂਸਰੇ ਦੀਆਂ ਭਾਸ਼ਾਵਾਂ ਦੇ ਗੁਣਾਂ ਨੂੰ ਪਹਿਚਾਨਣ ਅਤੇ ਸਮਝਣ ਦੇ ਯੋਗ ਬਣਾਉਣ ਦੇ ਲਈ ਬਹੁਤ ਹੀ ਘੱਟ ਯਤਨ ਕੀਤੇ ਗਏ ਹਨ। ਇਸਦੀ ਬਜਾਇ, ਅਖੌਤੀ "ਬਹੁ-ਗਿਣਤੀ" ਅਤੇ "ਘੱਟ-ਗਿਣਤੀ" ਦੀਆਂ ਭਾਸ਼ਾਵਾਂ ਨੂੰ ਬਹਿਸ ਦਾ ਬਣਾ ਦਿੱਤਾ ਗਿਆ ਹੈ, ਜਿਸ ਨਾਲ ਸਾਰੇ ਪਾਸੇ ਗੁੱਸੇ ਅਤੇ ਕੱਟੜਪੰਥੀ ਕੌਮਵਾਦ ਭੜਕਿਆ ਹੈ। ਇਹਦੇ ਨਾਲ ਲੋਕਾਂ ਵਿਚਕਾਰ ਦਰਾੜਾਂ ਹੋਰ ਗਹਿਰੀਆਂ ਹੁੰਦੀਆਂ ਹਨ ਅਤੇ ਨਾਲ ਹੀ ਸਰਮਾਏਦਾਰ ਸਿਆਸਤਦਾਨਾਂ ਨੂੰ ਆਪੋ-ਆਪਣੀਆਂ ਰਾਜਨੀਤਕ ਪਾਰਟੀਆਂ ਲਈ ਵੋਟ ਬੈਂਕ ਬਣਾਉਣ ਵਿੱਚ ਮੱਦਦ ਮਿਲਦੀ ਹੈ।

ਹਿੰਦੋਸਤਾਨੀ ਸਰਮਾਏਦਾਰੀ ਅਸਲੀਅਤ ਵਿੱਚ, ਇਸ ਦੇਸ਼ ਦੇ ਲੋਕਾਂ ਨੂੰ ਆਪਸ-ਵਿੱਚ ਜੋੜਨ ਲਈ ਕੜੀ ਦੇ ਤੌਰ 'ਤੇ ਹਿੰਦੋਸਤਾਨੀ ਪਿਛੋਕੜ (ਉਦਗਮ) ਵਾਲੀ ਇੱਕ ਭਾਸ਼ਾ ਨੂੰ ਵਿਕਸਤ ਕਰਨ ਦੀ ਚਾਹਵਾਨ ਨਹੀਂ ਹੈ। ਸੰਵਿਧਾਨ ਸਭਾ ਦੇ ਅੰਦਰ "ਰਾਜਭਾਸ਼ਾ" ਕਿਹੜੀ ਹੋਣੀ ਚਾਹੀਦੀ ਹੈ ਦੇ ਮੁੱਦੇ ਬਾਰੇ ਬਹਿਸਾਂ ਵਿੱਚ, ਲੋਕਾਂ ਦੀ ਏਕਤਾ ਨੂੰ ਮਜਬੂਤ ਕਰਨ ਅਤੇ ਉਨ੍ਹਾਂ ਦੀਆਂ ਭਾਸ਼ਾਵਾਂ ਤੇ ਸੱਭਿਆਚਾਰਾਂ ਨੂੰ ਵਿਕਸਤ ਕਰਨ ਵਿੱਚ ਸਹਾਈ ਹੋਣ ਵਾਲੀਆਂ ਵਧੀਆ ਤਜਵੀਜ਼ਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਸੀ। ਅਜੇਹੀ ਇੱਕ ਤਜਵੀਜ਼ ਇਹ ਸੀ ਕਿ ਬੋਲਚਾਲ ਵਾਲੀ ਹਿੰਦੋਸਤਾਨੀ, ਨਾ ਕਿ ਸੰਸਕ੍ਰਿਤੀਕਰਣ ਕੀਤੀ ਹੋਈ ਹਿੰਦੀ, ਨੂੰ ਸਾਡੇ ਦੇਸ਼ ਦੇ ਵੱਖ-ਵੱਖ ਲੋਕਾਂ ਵਿਚਾਲੇ ਸੰਚਾਰ ਦੇ ਸਾਧਨ ਬਤੌਰ ਵਿਕਸਤ ਕੀਤਾ ਜਾਵੇ ਅਤੇ ਇਹਦੀ ਸ਼ਬਦਾਵਲੀ ਨੂੰ ਵੱਖ-ਵੱਖ ਸੂਬਿਆਂ ਦੇ ਲੋਕਾਂ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨਾਲ ਸਮਰਿਧ ਬਣਾਇਆ ਜਾਵੇ। ਇਹ, ਹਿੰਦੀ ਭਾਸ਼ੀ ਸੂਬਿਆਂ ਦੀ ਸਰਕਾਰੀ ਭਾਸ਼ਾ ਤੋਂ ਭਿੰਨ ਹੋਵੇਗੀ। ਇੱਕ ਹੋਰ ਤਜਵੀਜ਼ ਸੀ ਕਿ ਲੋਕਾਂ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਵਿਕਸਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਰਕਾਰੀ ਰੁੱਤਬਾ ਪ੍ਰਦਾਨ ਕੀਤਾ ਜਾਵੇ। ਇਨ੍ਹਾਂ ਤਜਵੀਜ਼ਾਂ 'ਤੇ ਬਹਿਸ ਕਰਨ ਦੀ ਬਜਾਇ, ਅੰਗਰੇਜ਼ੀ ਦੇ ਸਮੱਰਥਕਾਂ ਅਤੇ ਸੰਸਕ੍ਰਿਤੀਕਰਣ ਕੀਤੀ ਹੋਈ ਹਿੰਦੀ ਦੇ ਸਮੱਰਥਕਾਂ ਵਿਚਾਲੇ ਵਿਭਾਜਨ ਕੀਤਾ ਗਿਆ। ਇਸ ਵਿਭਾਜਨ ਦਾ ਇਸਤੇਮਾਲ ਕਰਕੇ, ਅਸਰਦਾਰ ਤਰੀਕੇ ਨਾਲ ਅੰਗਰੇਜ਼ੀ ਨੂੰ ਹਿੰਦੋਸਤਾਨ ਦੀ ਸਰਕਾਰੀ ਭਾਸ਼ਾ ਦੇ ਤੌਰ 'ਤੇ ਥੋਪ ਦਿੱਤਾ ਗਿਆ। ਰਸਮੀ ਤੌਰ 'ਤੇ ਹਿੰਦੀ ਨੂੰ ਵੀ ਇਹੀ ਰੁੱਤਬਾ ਦੇ ਦਿੱਤਾ ਗਿਆ। ਇਹ ਕਿਹਾ ਗਿਆ ਸੀ ਕਿ ਸਿਰਫ ਸ਼ੁਰੂ ਦੇ 15 ਸਾਲਾਂ ਲਈ ਹੀ ਅੰਗਰੇਜ਼ੀ ਰਾਜਭਾਸ਼ਾ ਰਹੇਗੀ। ਸੰਵਿਧਾਨ ਦੇ ਲਾਗੂ ਹੋਣ ਤੋਂ 64 ਸਾਲ ਬਾਦ ਆਪਣੇ ਦੇਸ਼ ਵਿੱਚ ਅੰਗਰੇਜ਼ੀ ਦਾ ਦਬਦਬਾ ਏਨਾ ਵਧ ਗਿਆ ਹੈ ਕਿ ਅੱਜ ਇੱਕ ਚੰਗੀ ਨੌਕਰੀ ਦੇ ਚਾਹਵਾਨ ਕਿਸੇ ਵੀ ਨੌਜਵਾਨ ਨੂੰ ਅੰਗਰੇਜ਼ੀ ਦਾ ਇਲਮ ਹੋਣਾ ਜਰੂਰੀ ਹੈ।

ਪ੍ਰਸ਼ਾਸਨ, ਵਿੱਦਿਆ, ਨਿਆਂਪਾਲਿਕਾ, ਆਦਿ ਦੇ ਕੰਮ ਵਿੱਚ ਅੰਗਰੇਜ਼ੀ ਦਾ ਦਬਦਬਾ ਕਾਇਮ ਰਹਿਣਾ, ਇੱਕ ਬਸਤੀਵਾਦੀ ਵਿਰਾਸਤ ਹੈ ਅਤੇ ਮਜਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਜਨਸਮੂਹ ਨੂੰ ਹਾਸ਼ੀਏ 'ਤੇ ਰੱਖਣ ਦਾ ਕੰਮ ਕਰਦੀ ਹੈ, ਜਦ ਕਿ ਅੰਗਰੇਜ਼ੀ ਬੋਲਣ ਅਤੇ ਅੰਗਰੇਜ਼ੀ 'ਚ ਸੋਚਣ ਵਾਲਾ ਇੱਕ ਕੁਲੀਨ ਤਬਕਾ ਪੈਦਾ ਕਰਦੀ

ਬਾਕੀ ਸਫਾ 13 'ਤੇ



### ਪੂਨੇ ਵਿਚ ਇੱਕ ਆਈ.ਟੀ. ਪੇਸ਼ਾਵਰ ਨੌਜਵਾਨ ਦੀ ਹੱਤਿਆ:

# ਫਿਰਕੂ ਹਿੰਸਾ ਅਤੇ ਆਤੰਕ ਦੀ ਜੜ੍ਹ ਹਾਕਮ ਜਮਾਤ ਅਤੇ ਇਸਦਾ ਰਾਜਨੀਤਕ ਢਾਂਚਾ ਹੀ ਹੈ

ਮਜ਼ਦੂਰ ਏਕਤਾ ਲਹਿਰ, ਪੂਨੇ ਦੀਆਂ ਸੜਕਾਂ ਉਤੇ, 6 ਜੂਨ ਨੂੰ ਇੱਕ ਨੌਜਵਾਨ ਵਿਅਕਤੀ, ਮੋਹਸਿਨ ਸ਼ੇਖ ਦੀ ਬੇਕ੍ਰਿਕ ਹੱਤਿਆ ਉਤੇ ਗਹਿਰਾ ਸ਼ੋਕ ਅਤੇ ਗੁੱਸਾ ਪ੍ਰਗਟ ਕਰਦਾ ਹੈ। ਮੋਹਸਿਨ ਸ਼ੇਖ ਨੂੰ ਕੇਵਲ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿ ਉਹ ਮੁਸਲਮਾਨ ਸੀ। ਸਥਾਨਕ ਮਸਜਿਦ ਵਿਚ ਨਮਾਜ਼ ਪੜ੍ਹ ਕੇ ਘਰ ਨੂੰ ਜਾ ਰਹੇ ਇਸ ਨੌਜਵਾਨ ਨੂੰ ਦਿਨ-ਦਿਹਾੜੇ ਬੇਰਹਿਮੀ ਨਾਲ ਕੁੱਟ ਕੁੱਟ ਕੇ ਮਾਰ ਦੇਣਾ ਇੱਕ ਵਹਿਸ਼ੀ ਅਪਰਾਧ ਹੈ, ਜਿਸਦੀ ਜਿੰਨਾ ਵੀ ਹੋ ਸਕੇ ਕਰੜੇ ਸ਼ਬਦਾਂ ਵਿਚ ਨਿਖੇਧੀ ਕਰਨੀ ਚਾਹੀਦੀ ਹੈ। ਮਜ਼ਦੂਰ ਏਕਤਾ ਲਹਿਰ, ਉਸਦੇ ਪ੍ਰਵਾਰ ਅਤੇ ਦੋਸਤਾਂ-ਮਿਤਰਾਂ ਪ੍ਰਤੀ ਤਹਿ-ਦਿਲ ਤੋਂ ਸ਼ੋਕ ਪ੍ਰਗਟ ਕਰਦਾ ਹੈ।

ਪ੍ਰਸਾਰ ਮਾਧਿਅਮ ਵਲੋਂ ਇਸ ਹੱਤਿਆਕਾਂਡ ਨੂੰ ਇੰਟਰਨੈਟ ਉਤੇ ਕੁੱਝ ਭੜਕਾਊ ਅਤੇ ਅੱਗ-ਲਾਊ ਪੋਸਟਿੰਗਾਂ ਨਾਲ ਜੋੜਨ ਦੀ ਲਗਾਤਾਰ ਕੋਸ਼ਿਸ਼ ਕੀਤੀ ਗਈ ਹੈ, ਜਦਕਿ ਮੋਹਸਿਨ ਸ਼ੇਖ ਦਾ ਇਸ ਨਾਲ ਕੋਈ ਵੀ ਸਬੰਧ ਨਹੀਂ ਸੀ। ਉਪਰੋਂ, ਉਸ ਇਲਾਕੇ ਦੇ ਇੱਕ ਮੰਨੇ-ਪ੍ਰਮੰਨੇ ਰਾਜਨੀਤਕ ਨੇਤਾ ਨੇ ਬਿਆਨ ਦਿੱਤਾ ਹੈ ਕਿ ਇਸ ਤਰ੍ਹਾਂ ਦੀ ਉਕਸਾਹਟ ਦੀ "ਪ੍ਰਤੀਕ੍ਰਿਆ" ਹੋਣੀ "ਸੁਭਾਵਿਕ" ਹੈ, ਜਾਣੀ ਕਿ ਉਸ ਨੇ ਇਸ ਹੱਤਿਆ ਦੀ ਸਫਾਈ ਦੇਣ ਦੀ ਕੋਸ਼ਿਸ਼ ਕੀਤੀ। ਇਹ ਟਿੱਪਣੀ, 30 ਸਾਲ ਪਹਿਲਾਂ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਰਾਜੀਵ ਗਾਂਧੀ ਵਲੋਂ ਸਿੱਖਾਂ ਦੀ ਨਸਲਕੁਸ਼ੀ ਦੀ ਸਫਾਈ ਵਿਚ ਕੀਤੀ ਟਿੱਪਣੀ ਵਰਗੀ ਹੀ ਹੈ, ਜਦੋਂ ਉਸ ਨੇ ਬਿਆਨ ਦਿੱਤਾ ਸੀ ਕਿ "ਇੱਕ ਵੱਡੇ ਰੁੱਖ ਦੇ ਧਰਤੀ ਉਤੇ ਡਿਗਣ ਨਾਲ ਧਰਤੀ ਤਾਂ ਹਿੱਲਦੀ ਹੀ ਹੈ"। ਅਜੇਹੀਆਂ ਟਿੱਪਣੀਆਂ ਦਾ ਮਕਸਦ ਅਪਰਾਧ ਵਾਸਤੇ ਸਧਾਰਨ ਲੋਕਾਂ ਦੀਆਂ "ਭਾਵਨਾਵਾਂ" ਨੂੰ ਜ਼ਿਮੇਵਾਰ ਠਹਿਰਾਉਣਾ ਹੁੰਦਾ ਹੈ, ਖਾਸ ਕਰਕੇ ਉਨ੍ਹਾਂ ਦੀ ਅਖੌਤੀ ਫਿਰਕਾਪ੍ਰਸਤ ਨਫਰਤ ਦੀ ਭਾਵਨਾ। ਪਰ ਸੱਚਾਈ ਇਸਦੇ ਬਿਲਕੁੱਲ ਉਲਟ ਹੈ। ਮੋਹਸਿਨ ਸ਼ੇਖ ਉਤੇ ਅੰਧਾਧੁੰਦ ਡਾਂਗਾਂ ਬਰਸਾਉਣ ਵਾਲੇ ਅਪਰਾਧੀ ਗਰੋਹਾਂ ਵਲੋਂ ਫਿਰਕਾਪ੍ਰਸਤ ਹਿੰਸਾ ਦਾ ਸਰੋਤ ਹਾਕਮ ਜਮਾਤ ਹੈ, ਜੋ ਆਪਣੇ ਰਾਜਨੀਤਕ ਮਕਸਦ ਵਾਸਤੇ ਨਿਯਮਿਤ ਤੌਰ ਉਤੇ ਫਿਰਕੂ ਹਿੰਸਾ ਨੂੰ ਹੱਲਾ-ਸ਼ੇਰੀ ਦਿੰਦੀ ਹੈ।

ਇਸ ਹੱਤਿਆ ਨੂੰ ਮੋਦੀ ਦੀ ਜਿੱਤ ਨਾਲ ਤਿਆਰ ਹੋਏ ਮਹੌਲ ਨਾਲ ਜੋੜਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿ "ਸੱਜੇ-ਪੱਖੀ ਹਿੰਦੂ ਕੱਟੜਪੰਥੀ" ਜੇਤੂਵਾਦੀ ਜਜ਼ਬਾਤ ਵਿਚ ਆਪਣਾ ਸਿਰ ਚੁੱਕ ਰਹੇ ਹਨ। ਇਹ ਵੀ ਗੁਮਰਾਹਕੁੰਨ ਅਤੇ ਮੰਦ-ਭਾਵਨਾ ਵਾਲਾ ਪ੍ਰਚਾਰ ਹੈ। ਇਸ ਨਾਲ ਇਹ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਫਿਰਕਾਪ੍ਰਸਤ ਹਿੰਸਾ ਕੋਈ ਨਵੀਂ ਨਹੀਂ ਸ਼ੁਰੂ ਹੋਈ ਬਲਕਿ ਨਿਯਮਿਤ ਤੌਰ ਉਤੇ ਹੁੰਦੀ ਆ ਰਹੀ ਹੈ। ਇਹ ਬੀਤੇ ਵਿਚ ਵੀ ਬਾਰ ਬਾਰ ਹੁੰਦੀ ਆਈ ਹੈ ਅਤੇ ਅਗਾਂਹ ਨੂੰ ਵੀ ਹੋਵੇਗੀ, ਕਿਉਂਕਿ ਕਿ ਲੋਕਾਂ ਦੀ ਏਕਤਾ ਨੂੰ ਤੋੜਨਾ, ਉਨ੍ਹਾਂ ਨੂੰ ਡਰਾ ਕੇ ਰੱਖਣਾ ਅਤੇ ਕਮਜ਼ੋਰ ਕਰਨਾ ਹਿੰਦੋਸਤਾਨ ਦੇ ਸਰਮਾਏਦਾਰਾ ਲੋਕਤੰਤਰ ਦਾ ਇੱਕ ਅਨਿਖੜਵਾਂ ਅੰਗ ਹੈ। ਕਾਤਲ ਗਰੋਹ, ਅੱਗ-ਲਾਊ ਤਕਰੀਰਾਂ, ਸ਼ੈਤਾਨ ਅਫਵਾਹਾਂ -- ਇਹ ਹਾਕਮ ਜਮਾਤ ਅਤੇ ਇਸਦੀਆਂ ਰਾਜਨੀਤਕ ਪਾਰਟੀਆਂ ਦੇ ਅਸਲਾਖਾਨੇ ਦੇ ਅੰਗ ਹਨ, ਭਾਵੇਂ ਇਹ "ਸੱਜੇ-ਪੱਖੀ" "ਹਿੰਦੂਤਵ" ਦੀਆਂ ਪਾਰਟੀਆਂ ਹੋਣ ਜਾਂ "ਧਰਮ-ਨਿਰਪੇਖਤਾ" ਵਾਲਿਆਂ ਦੀਆਂ। ਇਸ ਰਾਜਨੀਤਕ ਢਾਂਚੇ ਵਿਚ, ਜਿਹੜੇ ਅਪਰਾਧੀ ਵੱਖ-ਵੱਖ ਫਿਰਕਿਆਂ ਦੇ ਲੋਕਾਂ ਵਿਚਕਾਰ ਨਫਰਤ ਪੈਦਾ ਕਰਨ ਦਾ ਧੰਦਾ ਕਰਦੇ ਹਨ ਅਤੇ ਜਿਹੜੇ ਵੱਡੇ ਪੈਮਾਨੇ ਉਤੇ ਹੱਤਿਆਕਾਂਡ ਕਰਵਾਉਂਦੇ ਹਨ, ਉਨ੍ਹਾਂ ਨੂੰ ਨਾ-ਕੇਵਲ ਸਜ਼ਾ ਹੀ ਨਹੀਂ ਦਿੱਤੀ ਜਾਂਦੀ ਬਲਕਿ ਇਨਾਮ ਦਿੱਤੇ ਜਾਂਦੇ ਹਨ ਅਤੇ ਵੱਡੇ ਨੇਤਾ ਅਤੇ ਸਰਕਾਰਾਂ ਦੇ ਮੁੱਖੀ ਵੀ ਬਣਾਇਆ ਜਾਂਦਾ ਹੈ।

ਅਸਲੀਅਤ ਤਾਂ ਇਹ ਹੈ ਕਿ ਕਨੂੰਨ, ਸੰਵਿਧਾਨ ਅਤੇ ਸਰਕਾਰੀ ਢਾਂਚੇ ਵਿਚ ਅਜੇਹਾ ਕੁੱਝ ਵੀ ਨਹੀਂ ਜਿਸ ਨਾਲ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੋਵੇ। ਇਸ ਤੋਂ ਪਤਾ ਲੱਗਦਾ ਹੈ ਕਿ ਫਿਰਕਾਪ੍ਰਸਤ ਹਿੰਸਾ ਅਤੇ ਦਹਿਸ਼ਤ ਕੋਈ ਕਦੇ-ਕਦਾਈਂ ਹੋਣ ਵਾਲੀਆਂ ਜਾਂ ਇੱਕਾ-ਦੁੱਕਾ ਘਟਨਾਵਾਂ ਨਹੀਂ ਬਲਕਿ ਹਿੰਦੋਸਤਾਨੀ ਰਾਜ ਦੇ ਖਾਸੇ ਵਿਚ ਰਚੀਆਂ ਹੋਈਆਂ ਹਨ। ਇਹ ਰਾਜ ਲੋਟੂ ਜਮਾਤ ਦਾ ਰਾਜ ਹੈ। ਲੋਕਾਂ ਨੂੰ ਕੁਚਲ ਕੇ ਹੀ ਇਹ ਰਾਜਨੀਤਕ ਸੱਤਾ ਉਤੇ ਕਾਇਮ ਰਹਿ ਸਕਦੀ ਹੈ। ਫਿਰਕਾਪ੍ਰਸਤ ਹਿੰਸਾ ਅਤੇ ਦਹਿਸ਼ਤ ਸਮੇਤ, ਸੱਭ ਸਾਧਨਾਂ ਦਾ ਇਸਤੇਮਾਲ ਕਰਕੇ, ਲੋਕਾਂ ਵਿਚ ਫੁੱਟ ਪਾਉਣਾ, ਉਨ੍ਹਾਂ ਨੂੰ ਦਿਸ਼ਾ-ਰਹਿਤ ਕਰਨਾ ਅਤੇ ਰਾਜਨੀਤਕ ਤੌਰ ਉਤੇ ਅਧਰੰਗ ਬਣਾ ਦੇਣਾ ਰਾਜ ਦੇ ਅਸਲਾਖਾਨੇ ਦੇ ਭਾਗ ਹਨ।

ਮੋਹਸਿਨ ਸ਼ੇਖ ਦੀ ਹੱਤਿਆ ਤੋਂ ਬਾਅਦ, ਸਥਾਨਕ ਪੁਲੀਸ ਨੇਮ ਅਨੁਸਾਰ ਹਰ ਰੋਜ਼ ਇਲਾਕੇ ਦੇ ਨੌਜਵਾਨਾਂ ਨੂੰ ਗ੍ਰਿਫਤਾਰ ਕਰੀ ਜਾਂਦੀ ਹੈ, ਜਿਨ੍ਹਾਂ ਨੂੰ ਉਹ ਰਾਸ਼ਟਰ ਸੈਨਾ ਦੇ ਮੈਂਬਰ ਕਹਿ ਰਹੀ ਹੈ। ਸਾਡਾ ਤਜਰਬਾ ਸਾਨੂੰ ਦੱਸਦਾ ਹੈ ਕਿ ਅਜੇਹੇ ਕਦਮਾਂ ਨਾਲ ਇਸ ਤਰ੍ਹਾਂ ਦੇ ਅਪਰਾਧ ਰੋਕਣ ਵਿਚ ਕੋਈ ਮੱਦਦ ਨਹੀਂ ਮਿਲਦੀ, ਕਿਉਂਕਿ ਫਿਰਕਾਪ੍ਰਸਤ ਹਿੰਸਾ ਦੇ ਅਸਲੀ ਸਰੋਤ ਨੂੰ ਛੁਹਿਆ ਵੀ ਨਹੀਂ ਜਾਂਦਾ। ਜ਼ੁਮੇਵਾਰ ਪਦਾਂ ਉਤੇ ਬੈਠਣ ਵਾਲੇ, ਜਿਹੜੇ ਅਪਰਾਧੀ ਗਰੋਹਾਂ ਦਾ ਇਸਤੇਮਾਲ ਕਰਦੇ ਹਨ ਅਤੇ ਫਿਰਕੂ ਜ਼ਹਿਰ ਫੈਲਾਉਂਦੇ ਹਨ, ਉਹ ਤਾਂ ਕਿਸੇ ਹੋਰ ਜਗ੍ਹਾ ਉਤੇ ਅਤੇ ਕਿਸੇ ਹੋਰ ਵਕਤ ਉਤੇ ਆਪਣੀਆਂ ਗੰਦੀਆਂ ਹਰਕਤਾਂ ਕਰਨ ਲਈ ਅਜ਼ਾਦ ਫਿਰਦੇ ਹਨ।

ਹਿੰਦੋਸਤਾਨ ਲੋਕਾਂ ਦਾ ਪਿਛਲੇ ਕਈ ਦਹਾਕਿਆਂ ਦਾ ਤਜਰਬਾ ਇਹ ਦਿਖਾਉਂਦਾ ਹੈ ਕਿ ਇਸ ਤਰ੍ਹਾਂ ਦੇ ਅਪਰਾਧਾਂ ਨੂੰ ਭਵਿੱਖ ਵਿਚ ਰੋਕਣ ਅਤੇ ਪੀੜਤਾਂ ਨੂੰ ਇਨਸਾਫ ਦੁਆਉਣ ਵਾਸਤੇ ਲੋਕ ਇਸ ਰਾਜ ਅਤੇ ਇਹਦੀਆਂ ਏਜੰਸੀਆਂ ਉਤੇ ਭਰੋਸਾ ਨਹੀਂ ਰੱਖ ਸਕਦੇ। ਇਹਦੇ ਵਾਸਤੇ ਇੱਕੋ-ਇੱਕ ਰਸਤਾ ਇਹੀ ਹੈ ਕਿ ਲੋਕ ਅਜੇਹੇ ਅਪਰਾਧਾਂ ਦੀ ਨਿਖੇਧੀ ਕਰਨ ਲਈ ਅਤੇ ਖਾਸ ਕਰਕੇ ਇਨ੍ਹਾਂ ਵਾਸਤੇ ਜ਼ਿਮੇਵਾਰਾਂ ਨੂੰ, ਮੁੱਖ ਤੌਰ 'ਤੇ ਵੱਡੇ ਪਦਾਂ ਉਤੇ ਬਿਰਾਜਮਾਨ ਜ਼ਿਮੇਵਾਰਾਂ ਨੂੰ, ਸਬਕ-ਸਿਖਾਊ ਸਜ਼ਾਵਾਂ ਦੇਣ ਦੀ ਮੰਗ ਉਠਾਉਣ ਲਈ ਧਰਮ, ਜਾਤ ਅਤੇ ਫਿਰਕਿਆਂ ਦੀ ਭਿੰਨਤਾ ਤੋਂ ਉਪਰ ਉਠ ਕੇ ਆਪਣੀ ਏਕਤਾ ਬਣਾਉਣ। ਇਸ ਦੇਸ਼ ਦੇ ਅੰਦਰ ਫਿਰਕੂ ਹਿੰਸਾ ਅਤੇ ਹੋਰ ਸੱਭ ਤਰ੍ਹਾਂ ਦੀ ਦਹਿਸ਼ਤਵਾਦੀ ਹਿੰਸਾ ਦੇ ਅਸਲੀ ਖਾਸੇ ਵਾਰੇ ਲੋਕਾਂ ਵਿਚ ਵਿਸ਼ਾਲ ਵਿਚਾਰ-ਵਟਾਂਦਰੇ ਹੋਣ ਅਤੇ ਇਨ੍ਹਾਂ ਦੀ ਜਾਂਚ-ਪੜਤਾਲ ਹੋਵੇ। ਇਸ ਦੇ ਨਾਲ ਨਾਲ ਲੋਟੂਆਂ ਦੇ ਰਾਜ ਨੂੰ ਖਤਮ ਕਰਕੇ ਮਜ਼ਦੂਰ ਜਮਾਤ ਅਤੇ ਲੋਕਾਂ ਦੀ ਸੱਤਾ ਕਾਇਮ ਕਰਨ ਵਾਸਤੇ ਸੰਘਰਸ਼ ਨੂੰ ਤੇਜ਼ ਕਰਨਾ ਵੀ ਬਹੁਤ ਜ਼ਰੂਰੀ ਹੈ। ■

---

## ਭਾਸ਼ਾ ਦਾ ਵਿਵਾਦ ਪੁਨਰ-ਜੀਵਤ...

**ਸਫਾ 12 ਦੀ ਬਾਕੀ**

ਹੈ ਜੋ ਕਿ ਆਮ ਲੋਕਾਂ ਤੋਂ ਵਿਯੋਗਿਆ ਹੋਇਆ ਹੈ।

ਇਸ ਸਮੱਸਿਆ ਦਾ ਹੱਲ ਇੱਕ ਅਜੇਹੇ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ ਸਾਰੇ ਸਬੰਧਤ ਲੋਕਾਂ ਦੇ ਹਿੱਤਾਂ ਵਿਚਾਲੇ ਐਸੀ ਇੱਕਸੁਰਤਾ ਲਿਆਵੇ ਜਿਹੜੀ ਸਭਨਾਂ ਦੀ ਤਰੱਕੀ 'ਚ ਸਹਾਈ ਹੋਵੇ ਅਤੇ ਇੱਕ ਸੱਚੀ, ਨਾ ਕਿ ਥੋਪੀ ਗਈ, ਏਕਤਾ ਕਾਇਮ ਕਰੇ। ਹਿੰਦੋਸਤਾਨ ਵਿੱਚ ਮਜਦੂਰਾਂ ਅਤੇ ਕਿਸਾਨਾਂ ਦਾ ਰਾਜ ਅਜੇਹਾ ਹੱਲ ਲੱਭ ਸਕਦਾ ਹੈ ਅਤੇ ਜਰੂਰ ਲੱਭੇਗਾ। ਇੱਚਰ, ਸਰਮਾਏਦਾਰਾਨਾ ਰਾਜ ਅਤੇ ਰਾਜਨੀਤਕ ਪਾਰਟੀਆਂ ਦੀਆਂ ਭਾਸ਼ਾ ਦੇ ਅਧਾਰ 'ਤੇ ਦਰਾੜਾਂ ਪਾਉਣ ਦੀਆਂ ਸੱਭ ਕੋਸ਼ਿਸ਼ਾਂ ਦਾ ਸਾਰਿਆਂ ਨੂੰ ਇੱਕਮੁੱਠ ਹੋਕੇ ਵਿਰੋਧ ਕਰਨਾ ਚਾਹੀਦਾ ਹੈ। ■



# ਪੂੰਜੀਵਾਦੀ ਰਾਜ ਵਲੋਂ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾਂ ਬਣਾਏ ਜਾਣ ਵਿਰੁਧ ਇੱਕਮੁੱਠ ਹੋਵੋ!

ਲੋਕ ਸਭਾ ਚੋਣ ਮੁਹਿੰਮ ਦੁਰਾਨ, ਹੋਣ ਵਾਲੇ ਪ੍ਰਧਾਨ ਮੰਤਰੀ, ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਅਤੇ ਅਸਾਮ ਵਿਚ ਦਿੱਤੇ ਭਾਸ਼ਣਾਂ ਵਿਚ ਇਹ ਧਮਕੀ ਦਿੱਤੀ ਕਿ ਜਦੋਂ ਭਾਜਪਾ ਸੱਤਾ ਵਿਚ ਆ ਜਾਏਗੀ ਤਾਂ "ਅਵੈਧ ਬੰਗਲਾਦੇਸ਼ੀ ਪ੍ਰਵਾਸੀਆਂ" ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ। ਉਹ, ਹਿੰਦੋਸਤਾਨ ਵਿਚ ਬੰਗਾਲੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਵਾਲਾ ਨਾ ਤਾਂ ਪਹਿਲਾ ਨੇਤਾ ਹੈ ਅਤੇ ਨਾ ਹੀ ਆਖਰੀ।

ਮੇਹਨਤਕਸ਼ ਲੋਕਾਂ ਦੇ ਇਸ ਹਿੱਸੇ ਨੂੰ "ਬਦੇਸ਼ੀ", "ਗੈਰ-ਕਨੂੰਨੀ ਪ੍ਰਵਾਸੀ" ਅਤੇ "ਆਤੰਕਵਾਦੀ ਪੈਦਾ ਕਰਨ ਦੀ ਜਨਮ-ਭੂਮੀ" ਆਦਿ ਦੱਸ ਕੇ ਸਰਮਾਏਦਾਰੀ ਅਤੇ ਇਸਦੀਆਂ ਸਿਆਸੀ ਪਾਰਟੀਆਂ ਜਾਣਬੁੱਝ ਕੇ ਇਸ ਤਬਕੇਨੂੰ ਉਤਪੀੜਤ ਕਰ ਰਹੀਆਂ ਹਨ। ਦਿੱਲੀ, ਮੁੰਬਈ ਅਤੇ ਹੋਰ ਕਈ ਸ਼ਹਿਰਾਂ ਵਿਚ ਗਰੀਬ ਕਾਮੇ ਲੋਕ, ਘਰਾਂ ਵਿਚ ਕੰਮ ਕਰਨ ਵਾਲੇ, ਰੱਦੀ ਕਪੜੇ ਕਾਗਜ਼ ਚੁੱਕਣ ਵਾਲੇ ਅਤੇ ਹੋਰ ਕਾਮੇ ਪੱਛਮੀ ਬੰਗਾਲ ਅਤੇ ਅਸਾਮ ਵਿਚੋਂ ਆਏ ਹੋਏ ਹਨ।

ਉਹ ਸਾਡੇ ਲੋਕਾਂ ਦੀ ਉਸ ਵਿਸ਼ਾਲ ਗਿਣਤੀ ਦਾ ਹਿੱਸਾ ਹਨ, ਜਿਨ੍ਹਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਦੇਸ਼ ਦੇ ਇੱਕ ਹਿੱਸੇ ਵਿਚੋਂ ਦੂਸਰੇ ਹਿੱਸੇ ਵਿਚ ਜਾਣਾ ਪੈਂਦਾ ਹੈ। ਦੋ ਸਾਲ ਪਹਿਲਾਂ ਕੀਤੇ ਗਏ ਇੱਕ ਅਧਿਐਨ ਦੇ ਮੁਤਾਬਿਕ, ਹਿੰਦੋਸਤਾਨ ਦੇ 40% ਲੋਕ "ਅੰਦਰੂਨੀ ਪ੍ਰਵਾਸੀ" ਹਨ। ਇਹ ਉਹ ਲੋਕ ਹਨ ਜਿਹੜੇ ਆਪਣੇ ਜਨਮ ਸਥਾਨ ਵਿਚ ਨਹੀਂ ਰਹਿ ਰਹੇ ਜਾਂ ਕੰਮ ਕਰ ਰਹੇ। ਇਨ੍ਹਾਂ ਵਿਚ ਪੱਤਰਕਾਰ, ਆਈ.ਟੀ. ਪੇਸ਼ਾਵਰ, ਏਅਰਲਾਈਨ ਕਾਮੇ, ਅਤੇ ਸਨਅਤ ਤੇ ਸੇਵਾਵਾਂ ਦੀ ਆਰਥਿਕਤਾ ਵਿਚ ਕੰਮ ਕਰਨ ਵਾਲੇ ਲੋਕ ਵੀ ਸ਼ਾਮਲ ਹਨ।

ਪੂੰਜੀਪਤੀਆਂ ਦੇ ਹਮਲਿਆਂ ਦਾ ਇਕੋ ਇੱਕ ਨਿਸ਼ਾਨਾ ਬੰਗਾਲੀ ਬੋਲਣ ਵਾਲੇ ਲੋਕ ਹੀ ਨਹੀਂ ਹਨ। ਮੁੰਬਈ ਵਿਚ ਉਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਏ ਮਜ਼ਦੂਰਾਂ ਅਤੇ ਸਵੈ-ਰੁਜ਼ਗਾਰੀ ਕਾਮਿਆਂ ਨੂੰ ਉਨ੍ਹਾਂ ਦੇ ਸੱਭਿਆਚਾਰ, ਭਾਸ਼ਾ ਆਦਿ ਦੇ ਅਧਾਰ ਉਤੇ ਹਮਲਿਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਜੋ ਵਰਤਾਰਾ ਬੰਗਾਲੀ ਭਾਸ਼ੀ ਲੋਕਾਂ ਨਾਲ ਹੁੰਦਾ ਹੈ, ਉਵੇਂ ਹੀ ਮੁੰਬਈ ਵਿਚ ਇਨ੍ਹਾਂ ਮਜ਼ਦੂਰਾਂ ਉਤੇ ਸਰਮਾਏਦਾਰ ਜਮਾਤ ਇਹ ਇਲਜ਼ਾਮ ਲਾਉਂਦੀ ਹੈ ਕਿ ਉਹ ਸਥਾਨਕ ਮੁੰਬਈ ਨਿਵਾਸੀਆਂ ਦੀਆਂ ਨੌਕਰੀਆਂ ਖੋਹ ਰਹੇ ਹਨ। ਇਨ੍ਹਾਂ ਲੋਕਾਂ ਨੂੰ ਸਰਮਾਏਦਾਰੀ ਦੀਆਂ ਸੱਭ ਬੀਮਾਰੀਆਂ, ਸਣੇ ਵੇਸਵਾਪੁਣੇ ਦੇ, ਵਾਸਤੇ ਦੋਸ਼ੀ ਠਹਿਰਾਇਆ ਜਾਂਦਾ ਹੈ।

ਪੂਰੇ ਦੇਸ਼ ਵਿਚ ਮੇਹਨਤਕਸ਼ਾਂ ਦੇ ਵੱਖ ਵੱਖ ਹਿੱਸਿਆਂ ਨਾਲ ਅਜੇਹਾ ਵਰਤਾਓ ਹੁੰਦਾ ਰਹਿੰਦਾ ਹੈ। ਪੰਜਾਬ ਵਿਚ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਲੋਕ ਹਮਲਿਆਂ ਦਾ ਸ਼ਿਕਾਰ ਹਨ। ਗੁਜਰਾਤ ਵਿਚ, ਹੀਰਿਆਂ ਦੇ ਉਦਯੋਗ ਵਿਚ ਕੰਮ ਕਰਨ ਵਾਲੇ ਉੜੀਸਾ ਤੋਂ ਆਏ ਹੋਏ ਮਜ਼ਦੂਰ ਸ਼ਿਕਾਰ ਬਣਾਏ ਜਾਂਦੇ ਹਨ। ਦੇਸ਼ ਦੇ ਅਨੇਕਾਂ ਸ਼ਹਿਰਾਂ ਵਿਚ ਪੂਰਬ-ਉੱਤਰੀ ਪ੍ਰਾਂਤਾਂ ਦੇ ਲੋਕ ਨਸਲਵਾਦੀ ਹਿੰਸਾ ਦਾ ਸ਼ਿਕਾਰ ਬਣਾਏ ਜਾਂਦੇ ਹਨ।

ਸਰਮਾਏਦਾਰਾ ਢਾਂਚੇ ਦੇ ਅੰਦਰ ਦੇਸ਼ ਵਿੱਚ ਨਾ-ਬਰਾਬਰ ਵਿਕਾਸ ਹੁੰਦਾ ਹੈ, ਜਿਸ ਕਰਕੇ ਲੋਕਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਇਧਰੋਂ ਉਧਰ ਜਾਣਾ ਆਵੱਸ਼ਕ ਹੈ। ਸਾਡੇ ਦੇਸ਼ ਵਿਚ ਹੀ ਨਹੀਂ, ਬਲਕਿ ਸਮੁੱਚੀ ਦੁਨੀਆਂ ਵਿਚ ਸਰਮਾਏਦਾਰ ਪ੍ਰਵਾਸੀ ਮਜ਼ਦੂਰਾਂ ਦਾ ਖੂਬ ਖੂਨ ਨਿਚੋੜਦੇ ਹਨ ਅਤੇ ਇਸ ਤਰ੍ਹਾਂ ਸਮੁੱਚੀ ਮਜ਼ਦੂਰ ਜਮਾਤ ਦੇ ਹਾਲਾਤਾਂ ਉਤੇ ਹਮਲੇ ਕਰਦੇ ਹਨ। ਸਰਮਾਏਦਾਰ, ਬੜੇ ਯੋਜਨਾਬੱਧ ਤਰੀਕੇ ਨਾਲ ਮਜ਼ਦੂਰ ਜਮਾਤ ਅਤੇ ਮੇਹਨਤਕਸ਼ਾਂ ਵਿਚਕਾਰ, ਧਰਮ, ਕੌਮੀਅਤ, ਭਾਸ਼ਾ, ਇਲਾਕੇ, ਨਸਲ, ਰੀਤੀ-ਰਿਵਾਜਾਂ ਆਦਿ ਦੇ ਅਧਾਰ ਉਤੇ ਫੁੱਟ ਪਾਉਂਦੇ ਹਨ, ਇਸ ਤਰ੍ਹਾਂ ਉਹ ਇੱਕ ਪੱਥਰ ਨਾਲ ਦੋ ਸ਼ਿਕਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਿੰਦੋਸਤਾਨ ਦੇ ਲੋਕ ਜਦੋਂ ਕੈਨੇਡਾ, ਬਰਿਟਨ, ਅਮਰੀਕਾ, ਅਸਟਰੇਲੀਆ ਅਤੇ ਹੋਰ ਦੇਸ਼ਾਂ ਵਿਚ ਪ੍ਰਵਾਸੀ ਬਣ ਕੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਸੇ ਤਰ੍ਹਾਂ ਦੇ ਵਰਤਾਓ ਦਾ ਸਾਹਮਣਾ ਕਰਨਾ ਪੈਂਦਾ ਹੈ।

ਹਿੰਦੋਸਤਾਨੀ ਸਰਮਾਏਦਾਰਾਂ ਨੇ ਭੀ ਦੇਸ਼ ਦੇ ਇੱਕ ਇਲਾਕੇ ਵਿਚ, ਕਿਸੇ ਦੂਸਰੇ ਇਲਾਕੇ ਦੇ ਲੋਕਾਂ ਨੂੰ ਲਿਆ ਕੇ ਵਸਾਉਣ ਦੀ ਬਸਤੀਵਾਦੀ ਨੀਤੀ ਅਪਣਾਈ ਹੋਈ ਹੈ।

ਇਸ ਵਿਚ ਉਹ ਬਰਤਾਨਵੀ ਬਸਤੀਵਾਦੀਆਂ ਦੀ ਪੈੜ ਉੱਤੇ ਚੱਲ ਰਹੇ ਹਨ।

ਮਿਸਾਲ ਦੇ ਤੌਰ ਉਤੇ, 1947 ਤੋਂ ਬਾਅਦ, ਭਾਖੜਾ ਨੰਗਲ ਡੈਮ ਨਾਲ ਉਜਾੜੇ ਗਏ ਲੋਕਾਂ ਨੂੰ ਗੁਜਰਾਤ ਅਤੇ ਰਾਜਸਥਾਨ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਅਤੇ ਰਾਜਸਥਾਨ ਦੇ ਰੇਗਿਸਤਾਨ ਵਿਚ ਇੰਦਰਾ ਗਾਂਧੀ ਨਹਿਰ ਵਿਚੋਂ ਪਾਣੀ ਲੈ ਕੇ ਇਸ ਨਹਿਰ ਦੇ ਨਾਲ ਨਾਲ ਵਸਾਇਆ ਗਿਆ। ਲੋਕਾਂ ਨੂੰ ਇਹ ਦੱਸਿਆ ਗਿਆ ਸੀ ਕਿ ਇਨ੍ਹਾਂ ਸਰਹੱਦੀ ਇਲਾਕਿਆਂ ਨੂੰ ਪਾਕਿਸਤਾਨ ਤੋਂ ਸੁਰੱਖਿਅਤ ਕਰਨ ਵਾਸਤੇ ਅਜੇਹਾ ਕੀਤਾ ਜਾ ਰਿਹਾ ਹੈ।

ਪੂਰਬੀ ਪਾਕਿਸਤਾਨ (ਚਿਟਾਗਾਓਂ ਦੀਆਂ ਪਹਾੜੀਆਂ) ਤੋਂ ਆਏ ਸ਼ਰਨਾਰਥੀਆਂ ਨੂੰ ਹਿੰਦੋਸਤਾਨੀ ਰਾਜ ਨੇ ਅਰੁਣਾਚਲ ਪ੍ਰਦੇਸ਼ ਵਿਚ, ਚੀਨੀ ਸੀਮਾਵਾਂ ਦੇ ਨਾਲ ਦੇ ਇਲਾਕਿਆ ਵਿਚ ਵਸਾਇਆ। ਇਹ ਪ੍ਰਚਾਰ ਕੀਤਾ ਗਿਆ ਕਿ ਇਸ ਇਲਾਕੇ ਵਿਚ ਹਿੰਦੋਸਤਾਨ ਨੂੰ ਚੀਨ ਤੋਂ ਬਚਾਉਣ ਵਾਸਤੇ ਅਜੇਹਾ ਕੀਤਾ ਜਾ ਰਿਹਾ ਹੈ।

ਲੋਕਾਂ ਨੂੰ ਉਜਾੜਨਾ ਅਤੇ ਉਜੜੇ ਹੋਏ ਲੋਕਾਂ ਦਾ "ਮੁੜ-ਵਸੇਬਾ" ਹਾਕਮ ਜਮਾਤਾਂ ਦੇ ਖੁਦਗਰਜ਼ ਹਿੱਤਾਂ ਮੁਤਾਬਿਕ, ਬੜਾ ਸੋਚ-ਸਮਝ ਕੇ ਕੀਤਾ ਜਾਂਦਾ ਹੈ। ਇਸਦਾ ਮੁੱਖ ਉਦੇਸ਼ ਹੈ, ਸਥਾਨਕ ਅਤੇ ਪ੍ਰਵਾਸੀ ਲੋਕਾਂ, ਦੋਵਾਂ ਉਤੇ ਹੀ ਖਤਰੇ ਦੀ ਤਲਵਾਰ ਲਟਕਾਈ ਰੱਖਣਾ ਅਤੇ ਨਾਲ ਹੀ ਉਨ੍ਹਾਂ ਵਿਚਕਾਰ ਤਣਾਓ ਬਣਾਈ ਰੱਖਣਾ, ਜਿਸ ਨੂੰ ਰਾਜ ਦੀ ਜ਼ਰੂਰਤ ਦੇ ਅਨੁਸਾਰ ਕਿਸੇ ਸਮੇਂ ਵੀ ਹਿੰਸਾ ਅਤੇ ਕਤਲੇਆਮ ਕਰਵਾਉਣ ਵਾਸਤੇ ਇਸਤੇਮਾਲ ਕੀਤਾ ਜਾ ਸਕਦਾ ਹੈ।

ਸਾਨੂੰ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਭਾਸ਼ਾ, ਜਾਤ, ਧਰਮ, ਇਲਾਕਾ, ਨਸਲ ਆਦਿ ਦੇ ਅਧਾਰ ਉਤੇ ਵੰਡਣ ਦੀਆਂ ਹਾਕਮ ਜਮਾਤ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦੇਣਾ ਚਾਹੀਦਾ ਹੈ। ਖਾਸ ਤੌਰ ਉਤੇ, ਅਸੀਂ ਇਹ ਕਦੇ ਵੀ ਨਹੀਂ ਭੁੱਲ ਸਕਦੇ ਕਿ ਪਾਕਿਸਤਾਨ, ਬੰਗਲਾਦੇਸ਼, ਹਿੰਦੋਸਤਾਨ, ਨੇਪਾਲ, ਸ੍ਰੀ ਲੰਕਾ, ਮਾਲਦੀਪ, ਭੁਟਾਨ ਅਤੇ ਅਫਗਾਨਿਸਤਾਨ ਦੇ ਲੋਕਾਂ ਦਾ ਆਪਸ-ਵਿਚ ਬਹੁਤ ਪ੍ਰਾਚੀਨ ਇਤਿਹਾਸਿਕ ਰਿਸ਼ਤਾ ਹੈ।

ਇਸ ਅੰਕ ਵਿਚ ਅਸੀਂ ਬਰਤਾਨਵੀ ਬਸਤੀਵਾਦੀ ਸਾਸ਼ਨ ਦੁਰਾਨ ਅਤੇ ਅਜ਼ਾਦੀ ਤੋਂ ਬਾਅਦ, ਅਸਾਮ ਵਿਚ ਬੰਗਾਲੀਆਂ ਦੇ ਪ੍ਰਵਾਸਨ ਉਤੇ ਇੱਕ ਲੇਖ ਛਾਪ ਰਹੇ ਹਾਂ। ■



# ਹਿੰਦੋਸਤਾਨੀ ਰਾਜ ਵਲੋਂ ਬੰਗਾਲੀ ਮੁਸਲਮਾਨਾਂ ਉਤੇ ਫਿਰਕੂ ਹਮਲੇ

ਅਸਾਮ ਵਿਚ ਮੁਸਲਮਾਨ ਲੋਕਾਂ ਦੇ ਕਤਲੇਆਮਾਂ ਦੀਆਂ ਅਨੇਕਾਂ ਘਟਨਾਵਾਂ ਹੋ ਚੁੱਕੀਆਂ ਹਨ ਅਤੇ ਸੱਭ ਤੋਂ ਸੱਜਰੀ ਘਟਨਾ ਬੀਤੇ ਦਿਨੀਂ ਚੋਣਾਂ ਦੇ ਦੁਰਾਨ ਹੋਈ ਹੈ। 1983 ਵਿਚ ਨੇਲੀ ਵਿਚ "ਬਦੇਸ਼ੀਆਂ" ਦੇ ਖਿਲਾਫ ਜਦੋ-ਜਹਿਦ ਵਿਚ ਹੋਏ ਕਤਲੇਆਮ, ਜਿਸ ਵਿਚ ਹਜ਼ਾਰਾਂ ਹੀ ਲੋਕ ਮਾਰੇ ਗਏ ਸਨ, ਉਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਹਿੰਦੋਸਤਾਨੀ ਰਾਜ ਨਿਰੰਤਰ ਤੌਰ ਉਤੇ ਇਹ ਪ੍ਰਚਾਰ ਕਰਦਾ ਆ ਰਿਹਾ ਹੈ ਕਿ ਅਸਾਮ ਅਤੇ ਪੱਛਮੀ ਬੰਗਾਲ ਅਤੇ ਦੇਸ਼ ਦੇ ਹੋਰ ਹਿੱਸਿਆਂ, ਜਿਵੇਂ ਬਿਹਾਰ, ਤ੍ਰੀਪੁਰਾ, ਮੁੰਬਈ, ਦਿੱਲੀ ਆਦਿ ਵਿਚ "ਗੈਰ-ਕਨੂੰਨੀ" ਬੰਗਲਾਦੇਸ਼ੀ ਪ੍ਰਵਾਸੀ ਆ ਕੇ ਕਬਜ਼ਾ ਕਰ ਰਹੇ ਹਨ। ਪਿਛਲੇ ਘੱਟ ਤੋਂ ਘੱਟ ਤਿੰਨ ਦਹਾਕਿਆਂ ਤੋਂ ਬੰਗਾਲੀ ਮੁਸਲਮਾਨਾਂ ਨੂੰ ਉਤਪੀੜਤ ਕਰਨ ਅਤੇ ਵਾਪਸ ਭੇਜਣ ਵਾਸਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸਲੀਅਤ ਕੀ ਹੈ? ਇਹ "ਗੈਰ-ਕਨੂੰਨੀ ਬੰਗਲਾਦੇਸ਼ੀ ਪ੍ਰਵਾਸੀ" ਕੌਣ ਹਨ?

ਇਹ ਸਵਾਲ ਜਿਸਦਾ ਸਾਡੇ ਕ੍ਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਉਤੇ ਪ੍ਰਭਾਵ ਪੈ ਰਿਹਾ ਹੈ, ਹਿੰਦੋਸਤਾਨੀ ਰਾਜ ਆਪਣੇ ਸਾਰੇ ਪ੍ਰਚਾਰ ਦੇ ਬਾਵਯੂਦ, ਇਸ ਬਾਰੇ ਕੋਈ ਭਰੋਸੇਯੋਗ ਅੰਕੜੇ ਪੇਸ਼ ਨਹੀਂ ਕਰ ਸਕਿਆ। ਦੂਸਰੇ ਪਾਸੇ, ਰਾਜ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਆਪਣੇ ਸੌੜੇ ਕੱਟੜਪੰਥੀ ਅਤੇ ਫਿਰਕਾਪ੍ਰਸਤ ਅਜੰਡੇ ਅੱਗੇ ਵਧਾਉਣ ਵਾਸਤੇ ਹਰ ਤਰ੍ਹਾਂ ਦੇ ਮਨਘੜਤ ਅੰਕੜੇ ਅਤੇ ਅਨੁਮਾਨ ਪੇਸ਼ ਕਰਦੀਆਂ ਰਹਿੰਦੀਆਂ ਹਨ। ਅਸਾਮ ਅਤੇ ਤ੍ਰੀਪੁਰਾ ਵਿਚ ਅਤੇ ਹੋਰ ਪੂਰਬੀ ਪ੍ਰਾਂਤਾਂ ਵਿਚ ਸੱਭ ਬੰਗਾਲੀ ਭਾਸ਼ਾਈ ਲੋਕਾਂ ਅਤੇ ਖਾਸ ਕਰਕੇ ਮੁਸਲਮਾਨਾਂ ਨੂੰ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ ਅਤੇ ਬਾਕੀ ਦੇ ਲੋਕਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਇਹ "ਬਦੇਸ਼ੀ" ਲੋਕ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਹਨ।

1826 ਵਿਚ ਬਰਤਾਨਵੀ ਸੈਨਾ ਵਲੋਂ ਬਰਮਾ ਨੂੰ ਹਰਾ ਕੇ ਯਾਂਡਬੂ ਦੀ ਸੰਧੀ ਉਤੇ ਦਸਖਤਾਂ ਤੋਂ ਬਾਅਦ ਅਸਾਮ ਵਿਚ ਵੱਡੇ ਪੈਮਾਨੇ 'ਤੇ ਪ੍ਰਵਾਸ ਸ਼ੁਰੂ ਹੋ ਗਿਆ। ਈਸਟ ਇੰਡੀਆ ਕੰਪਨੀ ਨੇ ਬਰਮਾ ਉਤੇ ਕਬਜ਼ਾ ਕਰ ਲਿਆ ਸੀ, ਪਰ ਇਸ ਤੋਂ ਪਹਿਲਾਂ, ਅਸਾਮ, ਜੋ ਇੱਕ ਅਜ਼ਾਦ ਰਾਜਸ਼ਾਹੀ ਸੀ, ਉਸ ਉਤੇ ਬਰਮਾ ਦੇ ਹਾਕਮਾਂ ਨੇ ਕਬਜ਼ਾ ਕੀਤਾ ਹੋਇਆ ਸੀ। ਬਸਤੀਵਾਦੀਆਂ ਨੇ ਇਹ ਫੈਸਲਾ ਕਰ ਲਿਆ ਕਿ ਵੱਧ ਤੋਂ ਵੱਧ ਟੈਕਸ ਵਸੂਲਣ ਵਾਸਤੇ "ਉਸ ਸੂਬੇ ਵਿਚ 40 ਲੱਖ ਪ੍ਰਵਾਸੀ ਲਿਆ ਕੇ ਵਸਾਏ ਜਾਣ"। ਇਸ ਪ੍ਰਵਾਸ ਦੀ ਦੇਖ ਰੇਖ ਕਰਨ ਵਾਸਤੇ ਖਾਸ ਅਫਸਰ ਨਿਯੁਕਤ ਕੀਤੇ ਗਏ ਸਨ।

1871 ਤਕ, ਇਨ੍ਹਾਂ ਪ੍ਰਵਾਸਾਂ ਦੀ ਵਜ੍ਹਾ ਕਰਕੇ ਅਸਾਮ ਦੀ ਜਨਸੰਖਿਆ ਦੀ ਬਣਤਰ ਬਹੁਤ ਬਦਲ ਚੁੱਕੀ ਸੀ। ਪੂਰਬੀ ਬੰਗਾਲ ਦੇ ਵਧੇਰੇ ਅਬਾਦੀ ਵਾਲੇ ਜ਼ਿਲਿਆਂ, ਮੈਮਨਸਿੰਘ, ਢਾਕਾ ਅਤੇ ਪਾਬਨਾ ਆਦਿ ਤੋਂ ਲੋਕਾਂ ਨੂੰ ਲਿਆ ਕੇ ਅਸਾਮ ਵਿਚ ਵਸਾਇਆ ਗਿਆ। 1871 ਦੀ ਮਰਦਮਸ਼ੁਮਾਰੀ ਵਿਚ ਅਸਾਮ ਦੇ ਗੋਵਲਪਾਰਾ, ਨੌਗੌਂਗ, ਦਰੰਗ ਅਤੇ ਕਾਮਰੂਪ ਜ਼ਿਲਿਆਂ ਵਿਚ ਬਹੁਤ ਤਬਦੀਲੀਆਂ ਆ ਚੁੱਕੀਆਂ ਸਨ।

ਪ੍ਰਵਾਸ ਦੇ ਲਗਾਤਾਰ ਜਾਰੀ ਰਹਿਣ ਕਾਰਨ ਅਸਾਮ ਦੇ ਵੱਖ ਵੱਖ ਨਸਲੀ ਭਾਈਚਾਰਿਆਂ ਵਿਚਕਾਰ ਜ਼ਮੀਨ ਅਤੇ ਹੋਰ ਸਾਧਨਾਂ ਵਾਸਤੇ ਮੁਕਾਬਲੇਬਾਜ਼ੀ ਤੇਜ਼ ਹੁੰਦੀ ਗਈ। ਬਸਤੀਵਾਦੀਆਂ ਨੇ ਸੋਚ-ਸਮਝ ਕੇ ਇਨ੍ਹਾਂ ਵੱਖ ਵੱਖ ਨਸਲੀ ਭਾਈਚਾਰਿਆਂ ਵਿਚਕਾਰ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਉਕਸਾਇਆ, ਖਾਸ ਤੌਰ ਉਤੇ 1936 ਦੇ ਗਵਰਨਮੈਂਟ ਆਫ ਇੰਡੀਆ ਐਕਟ (ਨਵੇਂ ਸੰਵਿਧਾਨ) ਦੇ ਪਾਸ ਹੋ ਜਾਣ ਤੋਂ ਬਾਅਦ। ਇਸ ਐਕਟ ਅਧੀਨ ਅਸਾਮ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੇ ਆਦੀਵਾਸੀਆਂ ਦੀ ਜ਼ਮੀਨ ਅਤੇ ਬੰਗਾਲੀ ਪ੍ਰਵਾਸੀਆਂ ਦੀ ਜ਼ਮੀਨ ਦਰਮਿਆਨ ਕਾਲਪਨਿਕ ਰੇਖਾਵਾਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ। ਆਲ ਇੰਡੀਆ ਮੁਸਲਿਮ ਲੀਗ ਨੇ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ। 1939 ਵਿਚ ਸਾਅਦਉਲਾ ਦੀ ਸਰਕਾਰ ਨੇ "ਹੋਰ ਵੱਧ ਭੋਜਨ ਉਗਾਓ" ਦੀ ਮੁਹਿੰਮ ਤਹਿਤ, ਪ੍ਰਵਾਸੀਆਂ ਨੂ ਵਸਾਉਣ ਵਾਸਤੇ ਚਰਗਾਹਾਂ ਦੀ ਜ਼ਮੀਨ ਖੋਲ੍ਹ ਦਿੱਤੀ। ਹਿੰਦੋਸਤਾਨ ਦੇ ਵਾਇਸਰਾਏ, ਲਾਰਡ ਵੇਵਲ ਨੇ ਐਲਾਨ ਕੀਤਾ ਕਿ ਇਸਦਾ ਮਤਲਬ ਹੈ "ਮੁਲਮਾਨਾਂ ਦੀ ਗਿਣਤੀ ਵਧਾਓ"।

1947 ਵਿਚ ਗੋਪੀਨਾਥ ਬੋਰਦੋਲੋਈ ਦੀ ਸਰਕਾਰ ਨੇ ਅਸਾਮ ਭੂਮੀ ਅਤੇ ਮਾਲੀਆ ਦੇ ਅਧਿਨਿਯਮ ਨੂੰ ਬਦਲ ਕੇ, 46 ਆਦੀਵਾਸੀ ਬਲਾਕ ਬਣਾਏ, ਜਿਨ੍ਹਾਂ ਦਾ ਖੇਤਰਫਲ 16.8 ਲੱਖ ਹੈਕਟੇਅਰ ਸੀ। ਨਿਯਮਾਂ ਮੁਤਾਬਕ, ਹੜ੍ਹ ਜਾਂ ਭੁਚਾਲ ਵਰਗੀਆਂ ਕੁਦਰਤੀ ਆਫਤਾਂ ਅਤੇ ਭੂਮੀ ਅਧਿਗਰੈਹਿਣ ਕਰਨ ਦੇ ਕਾਰਨ ਉਜੜੇ ਲੋਕਾਂ ਦੇ ਮੁੜ-ਵਸੇਬੇ ਦੀ ਇਜ਼ਾਜ਼ਤ ਵੀ ਦਿੱਤੀ ਗਈ। "ਚਾਰ", ਜਾਣੀ ਨਦੀਆਂ ਦੇ ਵਿਚਕਾਰ ਟਾਪੂਆਂ, ਅਤੇ "ਚਪੋਰੀ" ਜਾਣੀ ਨੀਵੀਂ ਸਤਾਹ ਵਾਲੇ ਹੜ੍ਹ-ਗ੍ਰਸਤ ਇਲਾਕਿਆਂ ਵਿਚ ਵਸੇ ਹੋਏ ਬੰਗਾਲੀ ਮੁਸਲਮਾਨਾਂ ਦਾ ਮੁੜ-ਵਸੇਬਾ ਇਸੇ ਅਧਿਨਿਯਮ ਅਧੀਨ ਕੀਤਾ ਗਿਆ ਸੀ।

1951 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਪੱਛਮੀ ਬੰਗਾਲ ਤੋਂ ਆਏ ਪ੍ਰਵਾਸੀਆਂ ਦੀ ਗਿਣਤੀ 15 ਲੱਖ ਸੀ। ਇਹ ਅਪ੍ਰਵਾਸੀ ਅਤੇ ਇਨ੍ਹਾਂ ਦੀ ਉਲਾਦ ਨਾ ਤਾਂ ਗੈਰ-ਕਨੂੰਨੀ ਅਤੇ ਨਾ ਹੀ ਬੰਗਲਾਦੇਸ਼ੀ ਹਨ।

ਹਿੰਦੋਸਤਾਨੀ ਗ੍ਰਿਹਿ ਮੰਤਰਾਲੇ ਅਨੁਸਾਰ 1948 ਅਤੇ 1961 ਦਰਮਿਆਨ 31 ਲੱਖ ਲੋਕ, ਜੋ ਮੁੱਖ ਤੌਰ 'ਤੇ ਹਿੰਦੂ ਹਨ, ਪੂਰਬੀ ਬੰਗਾਲ ਤੋਂ ਆਏ ਹਨ। ਸੱਠਵਿਆਂ ਵਿਚ ਅਸਾਮ ਦੇ ਮੁੱਖ ਮੰਤਰੀ ਬੀ.ਪੀ. ਚਲੀਹਾ ਨੇ ਦੱਸਿਆ ਸੀ ਕਿ ਜਨਵਰੀ 1964 ਅਤੇ ਜਨਵਰੀ 1965 ਦਰਮਿਆਨ ਪੂਰਬੀ ਪਾਕਿਸਤਾਨ ਤੋਂ 1.8 ਲੱਖ ਸ਼ਰਨਾਰਥੀ ਉਥੇ ਆਏ ਸਨ। ਪਾਕਿਸਤਾਨ ਦੇ ਖਿਲਾਫ 1971 ਦੀ ਜੰਗ --- ਜਿਸ ਵਿਚ ਬੰਗਲਾਦੇਸ਼ ਦੀ ਰਚਨਾ ਹੋਈ --- ਤੋਂ ਪਹਿਲਾਂ, ਪਾਕਿਸਤਾਨੀ ਫੌਜ ਦੇ ਹਮਲਿਆਂ ਤੋਂ ਬਚਣ ਲਈ ਭਾਰੀ ਸੰਖਿਆ ਵਿਚ ਪੂਰਬੀ ਪਾਕਿਸਤਾਨ ਤੋਂ ਸ਼ਰਨਾਰਥੀ ਹਿੰਦੋਸਤਾਨ ਵਿਚ ਆਏ ਸਨ। ਉਹ ਅਸਾਮ, ਪੱਛਮੀ ਬੰਗਾਲ ਅਤੇ ਤ੍ਰੀਪੁਰਾ ਵਿਚ ਆ ਕੇ ਵਸ ਗਏ। 1985 ਵਿਚ ਰਾਜੀਵ ਗਾਂਧੀ ਅਤੇ ਅਸਾਮ ਦੇ ਅੰਦੋਲਨਕਾਰੀਆਂ ਵਿਚਕਾਰ ਹੋਏ ਸਮਝੌਤੇ ਵਿਚ ਤੈਅ ਹੋਇਆ ਕਿ 1971 ਤੋਂ ਬਾਅਦ ਵਿਚ ਆਏ ਬੰਗਲਾਦੇਸ਼ੀਆਂ ਨੂੰ ਲੱਭ ਕੇ ਦੇਸ਼ ਤੋਂ ਬਾਹਰ ਕੱਢਿਆ ਜਾਵੇ।

ਅਸਾਮ ਦੀ ਅਬਾਦੀ ਦਾ ਇੱਕ ਬਹੁਤ ਵੱਡਾ ਹਿੱਸਾ (9.37%) ਬ੍ਰਹਮਪੁਤਰਾ ਨਦੀ ਵਿਚਲੇ ਟਾਪੂਆਂ ਜਾਣੀ "ਚਾਰਾਂ" ਵਿਚ ਵਸਿਆ ਹੋਇਆ ਹੈ। ਇਹ ਲੋਕ ਅੱਤ ਦੇ ਗਰੀਬ ਅਤੇ ਗਰੀਬੀ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਅਲਾਮਤਾਂ ਜਿਵੇਂ ਅਨਪੜ੍ਹਤਾ, ਬੀਮਾਰੀਆਂ ਅਤੇ ਬੇਰੁਜ਼ਗਾਰੀ ਦਾ ਸ਼ਿਕਾਰ ਹਨ। ਇੱਕ ਸਰਵੇਖਣ ਦੀ ਰਿਪੋਰਟ ਅਨੁਸਾਰ 1992 ਤੋਂ 2003 ਦੁਰਾਨ, ਬ੍ਰਹਮਪੁਤਰਾ ਉਤੇ "ਚਾਰਾਂ" ਉਤੇ ਵਸੇ ਪਿੰਡਾਂ ਦੀ ਸੰਖਿਆ 7.75% ਵਧ ਗਈ ਹੈ। ਇਨ੍ਹਾਂ ਚਾਰਾਂ ਵਿਚ ਬਹੁਤ ਘਣੀ ਜਨਸੰਖਿਆ ਹੈ (690 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ), ਜੋ ਕਿ ਸੂਬੇ ਦੀ ਔਸਤ 340 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਨਾਲੋਂ ਦੁਗਣੀ ਹੈ। ਉਨ੍ਹਾਂ ਕੋਲ ਵਾਹੀਯੋਗ ਜ਼ਮੀਨ ਬਹੁਤ ਥੋੜ੍ਹੀ ਹੈ ਅਤੇ ਅਸਾਮ ਵਿਚ ਅਨਪੜ੍ਹਾਂ ਦੀ ਗਿਣਤੀ ਇਥੇ ਸੱਭ ਤੋਂ ਵੱਧ ਹੈ। 1992-93 ਤੋਂ ਲੈ ਕੇ ਇੱਕ ਦਹਾਕੇ ਵਿਚ ਉਨ੍ਹਾਂ ਵਿਚ ਪੜਨ-ਲਿਖਣ ਜਾਨਣ ਵਾਲਿਆਂ ਦੀ ਗਿਣਤੀ ਮਾਮੂਲੀ ਜਿਹੀ ਹੀ ਵਧੀ ਹੈ, ਜਾਣੀ 15.45% ਤੋਂ ਵਧ ਕੇ 19.31% ਹੋ ਗਈ ਹੈ। ਇਸੇ ਹੀ ਦੁਰਾਨ, ਗਰੀਬੀ ਰੇਖਾ ਤੋਂ ਹੇਠਾਂ ਵਾਲੇ "ਚਾਰ" ਵਸਨੀਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧੀ ਹੈ ਜਾਣੀ 48.89% ਤੋਂ ਵਧ ਕੇ 67.89% ਹੋ ਗਈ ਹੈ, ਜਦ ਕਿ ਸੂਬੇ ਵਿਚ ਗਰੀਬੀ ਪੱਧਰ ਤੋਂ ਹੇਠਲੇ ਲੋਕਾਂ ਦੀ ਗਿਣਤੀ ਘਟ ਕੇ 36.09% ਰਹਿ ਗਈ ਹੈ।

ਇੱਕ ਸਰਵੇਖਣ ਅਨੁਸਾਰ, ਪਿਛਲੇ 18 ਸਾਲਾਂ ਵਿਚ ਨਦੀ ਦੇ ਕਿਨਾਰੇ ਖੁਰ ਜਾਣ ਨਾਲ ਚਾਰਾਂ ਦੀ



1053 ਵਰਗ ਕਿਲੋਮੀਟਰ ਜ਼ਮੀਨ ਰੁੜ੍ਹ ਗਈ ਹੈ। ਚਾਰਾਂ ਅਤੇ ਨਦੀ ਦੇ ਕਿਨਾਰਿਆਂ ਦੇ ਖੁਰ ਜਾਣ ਨਾਲ 20 ਲੱਖ ਲੋਕ ਉਜੜ ਗਏ ਹਨ, ਜਿਸਦੇ ਕਾਰਨ ਉਨ੍ਹਾਂ ਨੂੰ ਅਸਾਮ ਵਿਚ ਅਤੇ ਦਿੱਲੀ 'ਤੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿਚ ਜਾਣਾ ਪਿਆ ਹੈ। ਹਿੰਦੋਸਤਾਨੀ ਰਾਜ ਦੇ ਪ੍ਰਾਪੇਗੰਡੇ ਦੇ ਫਲਸਰੂਪ, ਇਨ੍ਹਾਂ ਨਾਗਰਿਕਾਂ ਨਾਲ "ਗੈਰ-ਕਨੂੰਨੀ ਪ੍ਰਵਾਸੀਆਂ" ਦੇ ਤੌਰ ਤੇ ਦੁਸ਼ਮਣੀ ਭਰਿਆ ਵਤੀਰਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਉਤਪੀੜਤ ਕੀਤਾ ਜਾਂਦਾ ਹੈ। ਪੁਲੀਸ ਵਾਲੇ ਉਨ੍ਹਾਂ ਤੋਂ ਹਮੇਸ਼ਾ ਪੈਸੇ ਬਟੋਰਦੇ ਹਨ। ਉਨ੍ਹਾਂ ਨੂੰ ਨਿਯਮਿਤ ਤੌਰ ਤੇ ਫੜਿਆ ਜਾਂਦਾ ਹੈ ਅਤੇ ਬੰਗਲਾਦੇਸ਼ ਦੀ ਸਰਹੱਦ ਉਤੇ ਲਿਜਾ ਕੇ ਬੰਦੂਕ ਦੀ ਨੋਕ ਉਤੇ ਸਰਹੱਦ ਪਾਰ ਕਰਨ 'ਤੇ ਮਜਬੂਰ ਕੀਤਾ ਜਾਂਦਾ ਹੈ। ਬੰਗਲਾਦੇਸ਼ ਦੇ ਅਧਿਕਾਰੀ ਉਨ੍ਹਾਂ ਨੂੰ ਬੰਗਲਾਦੇਸ਼ ਦੇ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ। ਇੱਕ ਔਰਤ ਜਾਂ ਆਦਮੀ ਕੋਲ ਆਪਣੇ ਆਪ ਨੂੰ ਹਿੰਦੋਸਤਾਨੀ ਸਾਬਤ ਕਰਨ ਦਾ ਇੱਕੋ-ਇੱਕ ਤਰੀਕਾ ਇਹ ਹੈ ਕਿ ਉਹ ਪੱਛਮੀ ਬੰਗਾਲ ਵਿਚ ਜ਼ਮੀਨ ਦੇ ਮਾਲਕ ਹੋਣ ਦੇ ਕਾਗਜ਼ ਦਿਖਾਉਣ।

ਅਸਾਮ ਅਤੇ ਖਾਸ ਕਰਕੇ ਬੰਗਲਾਦੇਸ਼ ਦੀ ਸੀਮਾ ਦੇ ਨਾਲ ਲੱਗਦੇ ਜ਼ਿਲਿਆਂ ਵਿਚ, ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 80ਵਿਆਂ ਦੇ ਦਹਾਕੇ ਤੋਂ ਲੈ ਕੇ, ਉਥੇ ਬੰਗਲਾਦੇਸ਼ ਤੋਂ ਪ੍ਰਵਾਸਨ ਦਾ ਕੋਈ ਸਬੂਤ ਨਹੀਂ ਹੈ। ਲੇਕਿਨ ਹਿੰਦੋਸਤਾਨ ਦਾ ਰਾਜ ਬਿਨ੍ਹਾਂ ਕਿਸੇ ਸਬੂਤ ਦੇ, ਅਜੇਹਾ ਪ੍ਰਚਾਰ ਕਰੀ ਜਾ ਰਿਹਾ ਹੈ।

1997 ਵਿਚ ਹਿੰਦੋਸਤਾਨ ਦੇ ਤਤਕਾਲੀਨ ਗ੍ਰਹਿ ਮੰਤਰੀ, ਇੰਦਰਜੀਤ ਗੁਪਤਾ, ਨੇ ਸੰਸਦ ਵਿਚ ਇਹ ਕਿਹਾ ਸੀ ਕਿ ਹਿੰਦੋਸਤਾਨ ਵਿਚ 1 ਕ੍ਰੋੜ ਗੈਰ-ਕਨੂੰਨੀ ਪ੍ਰਵਾਸੀ ਹਨ। ਅਸਾਮ ਦੇ ਰਾਜਪਾਲ, ਲੈਫਟੀਨੈਂਟ ਜਨਰਲ (ਸੇਵਾ-ਮੁਕਤ) ਐਸ.ਕੇ. ਸਿਨਹਾ ਨੇ ਰਾਸ਼ਟਰਪ ਤੀ ਨੂੰ ਦਿੱਤੀ ਰਿਪੋਰਟ ਵਿਚ ਇਹ ਚਿਤਾਵਨੀ ਦਿੱਤੀ ਸੀ ਕਿ ਗੈਰ-ਕਨੂੰਨੀ ਬੰਗਲਾਦੇਸ਼ੀਆਂ ਦਾ ਹਿੰਦੋਸਤਾਨ ਵਿਚ ਪ੍ਰਵੇਸ਼ "ਅਸਾਮ ਦੇ ਨਿਵਾਸੀਆਂ ਦੀ ਪਹਿਚਾਣ ਅਤੇ ਸਾਡੀ ਕੌਮੀ ਸੁਰਖਿਆ, ਦੋਵਾਂ ਵਾਸਤੇ ਗੰਭੀਰ ਖਤਰਾ ਹੈ", ਅਤੇ "ਪਿਛਲੇ ਕਈ ਦਹਾਕਿਆਂ ਤੋਂ ਪੂਰਬੀ ਪਾਕਿਸਤਾਨ/ਬੰਗਲਾਦੇਸ਼ ਤੋਂ ਵੱਡੀ ਸੰਖਿਆ ਵਿਚ ਗੈਰ-ਕਨੂੰਨੀ ਪ੍ਰਵਾਸਨ ਦੇ ਕਾਰਨ ਇਸ ਰਾਜ ਦੀ ਜਨਸੰਖਿਅਕੀ ਸੂਰਤ ਬਦਲ ਗਈ ਹੈ"। ਪਰ ਰਿਪੋਰਟ ਵਿਚ ਇਸ ਦੇ ਨਾਲ ਨਾਲ ਇਹ ਵੀ ਮੰਨਿਆਂ ਗਿਆ ਹੈ ਕਿ "ਇਨ੍ਹਾਂ ਗੈਰ-ਕਨੂੰਨੀ ਪ੍ਰਵਾਸੀਆਂ ਦੀ ਗਿਣਤੀ ਦਾ ਪਤਾ ਕਰਨ ਵਾਸਤੇ ਕੋਈ ਮਰਦਮਸ਼ੁਮਾਰੀ ਨਹੀਂ ਕੀਤੀ ਗਈ ਹੈ"।

2001 ਵਿਚ ਮਾਧਵ ਗੋਡਬੋਲੇ ਦੀ ਅਗਵਾਈ ਵਿਚ ਸੀਮਾ ਪ੍ਰਬੰਧਕ ਕਾਰਵਾਈ ਬਲ (ਬਾਰਡਰ ਮੈਨੇਜਮੈਂਟ ਟਾਸਕ ਫੋਰਸ) ਦੀ ਰਿਪੋਰਟ ਵਿਚ ਗੈਰ-ਕਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ ਦੀ ਗਿਣਤੀ 150 ਲੱਖ ਦੱਸੀ ਗਈ ਸੀ ਅਤੇ ਇਹ ਕਿਹਾ ਗਿਆ ਸੀ ਕਿ 3 ਲੱਖ ਗੈਰ-ਕਨੂੰਨੀ ਪ੍ਰਵਾਸੀ ਹਰ ਮਹੀਨੇ ਹਿੰਦੋਸਤਾਨ ਵਿਚ ਪ੍ਰਵੇਸ਼ ਕਰ ਰਹੇ ਹਨ। ਜਨਵਰੀ, 2003 ਵਿਚ ਉਪ ਪ੍ਰਧਾਨ ਮੰਤਰੀ, ਲਾਲ ਕ੍ਰਿਸ਼ਨ ਅਡਵਾਨੀ, ਨੇ ਸੱਭ ਸੂਬਿਆਂ ਨੂੰ ਇੱਕ ਰਾਸ਼ਟਰੀ ਆਦੇਸ਼ ਦਿੱਤਾ ਸੀ ਕਿ "ਅਨਿਯਮਿਤ ਬੰਗਲਾਦੇਸ਼ੀਆਂ ਦੀ ਸ਼ਨਾਖਤ ਕਰਨ, ਲੱਭਣ ਅਤੇ ਬਾਹਰ ਕੱਢਣ ਵਾਸਤੇ ਫੌਰੀ ਕਦਮ ਉਠਾਏ ਜਾਣ"। ਗ੍ਰਹਿ ਮੰਤਰੀ ਪ੍ਰਕਾਸ਼ ਜੈਸਵਾਲ ਨੇ 2004 ਵਿਚ ਰਾਜਸਭਾ ਵਿਚ ਕਿਹਾ ਸੀ ਕਿ ਹਿੰਦੋਸਤਾਨ ਵਿਚ 120 ਲੱਖ ਗੈਰ-ਕਨੂੰਨੀ ਬੰਗਲਾਦੇਸ਼ੀ ਹਨ। ਰਿਪੋਰਟ ਵਿਚ ਇਹ ਵੀ ਸਾਫ ਸਾਫ ਕਿਹਾ ਗਿਆ ਸੀ ਕਿ "ਇਹ ਅੰਕੜੇ ਕਿਸੇ ਸਰਬਵਿਆਪਕ ਸੈਂਪਲ ਜਾਂ ਅਧਿਐਨ ਉਤੇ ਅਧਾਰਤ ਨਹੀਂ ਹਨ ਬਲਕਿ ਇਧਰ-ਉਧਰ ਦੀਆਂ ਸੁਣੀਆਂ-ਸੁਣਾਈਆਂ ਗੱਲਾਂ ਅਤੇ ਇਹ ਵੀ ਪੱਖਪਾਤੀ ਹਿੱਤਾਂ ਵਾਲੇ ਗਰੁੱਪਾਂ ਦੀਆਂ ਗੱਲਾਂ ਉਤੇ ਅਧਾਰਤ ਹਨ। ਇਸ ਦਾ ਮਤਲਬ ਹੈ ਕਿ ਅਸਾਮ ਵਿਚ ਗੈਰ-ਕਨੂੰਨੀ ਬੰਗਲਾਦੇਸ਼ੀਆਂ ਦੇ ਕੋਈ ਅਸਲੀ ਅੰਕੜੇ ਨਹੀਂ ਦਿੱਤੇ ਜਾ ਸਕਦੇ। ਪੱਛਮੀ ਬੰਗਾਲ ਦੇ ਅੰਕੜੇ ਵੀ ਗੈਰ-ਵਿਸ਼ਵਾਸ਼ਯੋਗ ਟਪਲਿਆਂ ਉਤੇ ਅਧਾਰਤ ਹਨ ਅਤੇ ਸਹੀ ਨਹੀਂ ਹਨ"।

ਅਸਾਮ ਦੀ ਸਰਕਾਰ ਵਲੋਂ 2012 ਵਿਚ ਗੈਰ-ਕਨੂੰਨੀ ਪ੍ਰਵਾਸਨ ਉਤੇ ਪ੍ਰਕਾਸ਼ਿਤ ਇੱਕ ਸਫੈਦ ਪੱਤਰ ਵਿਚ ਇਹ ਦੱਸਿਆ ਗਿਆ ਹੈ ਕਿ 1985 ਤੋਂ ਬਾਅਦ ਵੱਖ ਵੱਖ ਅਦਾਲਤਾਂ ਨੇ 61,774 ਵਿਅਕਤੀਆਂ ਨੂੰ ਬਦੇਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਵਿਚੋਂ 32,537 ਵਿਅਕਤੀਆਂ ਨੂੰ ਹੌਲੀ ਹੌਲੀ ਹਿੰਦੋਸਤਾਨੀ ਨਾਗਰਿਕਾਂ ਦੇ ਤੌਰ ਉਤੇ ਦਰਜ ਕੀਤਾ ਜਾਵੇਗਾ।

ਬੰਗਾਲੀ ਮੁਸਲਮਾਨਾਂ ਦੇ ਪ੍ਰਵਾਸਨ ਦਾ ਇਤਿਹਾਸ ਅਤੇ ਕੇਂਦਰ ਤੇ ਪ੍ਰਾਂਤਿਕ ਸਰਕਾਰਾਂ ਵੱਖ ਵੱਖ ਸਰਕਾਰਾਂ ਵਲੋਂ ਉਨ੍ਹਾਂ ਨਾਲ ਕੀਤਾ ਗਿਆ ਵਰਤਾਓ, ਇਹ ਸਪੱਸ਼ਟ ਦਿਖਾਉਂਦਾ ਹੈ ਕਿ ਹਾਕਮ ਸਰਮਾਏਦਾਰ ਜਮਾਤ ਨੇ ਇਨ੍ਹਾਂ ਗਰੀਬ ਲੋਕਾਂ ਨੂੰ ਹਮੇਸ਼ਾ ਆਪਣੇ ਸਿਆਸੀ ਦਾਅ-ਪੇਚਾਂ ਵਿਚ ਇਸਤੇਮਾਲ ਕੀਤਾ ਹੈ। ਇਹਨਾਂ ਹਾਕਮਾਂ ਦੀ ਜਦ ਵੀ ਮਰਜ਼ੀ ਹੋਵੇ ਤਾਂ ਉਹ ਇਸ ਪ੍ਰਵਾਸਨ ਨੂੰ ਅਣਦੇਖਿਆ ਕਰ ਦਿੰਦੇ ਹਨ ਅਤੇ ਫੇਰ ਇਨ੍ਹਾਂ ਦੇ ਖਿਲਾਫ ਫਿਰਕਾਪ੍ਰਸਤ ਨਫਰਤ ਭੜਕਾਉਂਦੇ ਹਨ, ਫਿਰਕੂ ਹਿੰਸਾ ਅਤੇ ਕਤਲੇਆਮ ਅਯੋਜਿਤ ਕਰਦੇ ਹਨ, ਅਤੇ ਉਨ੍ਹਾਂ ਦੀ ਹੋਰ ਲੁੱਟ ਕਰਨ, ਗਰੀਬ ਰੱਖਣ ਅਤੇ ਹੋਰ ਗੋਡੇ ਟਿਕਵਾਉਣ ਵਾਸਤੇ ਉਨ੍ਹਾਂ ਦੇ ਸਿਰ 'ਤੇ ਤਲਵਾਰ ਲਟਕਾਈ ਰੱਖਦੇ ਹਨ। ਬੰਗਲਾਦੇਸ਼ ਦੇ ਨਾਲ ਰਾਜਨੀਤਕ ਦਾਅ-ਪੇਚਾਂ ਵਿਚ ਹਿੰਦੋਸਤਾਨੀ ਰਾਜ ਨੇ ਉਨ੍ਹਾਂ ਨੂੰ ਵਰਤਿਆ ਹੈ, ਉਨ੍ਹਾਂ ਨੂੰ "ਸੰਭਾਵਿਤ ਆਤੰਕਵਾਦੀ" ਅਤੇ "ਦੇਸ਼ ਦੀ ਸੁਰਖਿਆ ਵਾਸਤੇ ਖਤਰੇ" ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਅਸਾਮ ਦੇ ਲੋਕਾਂ ਨੂੰ ਬਾਰ-ਬਾਰ ਇਹ ਕਿਹਾ ਗਿਆ ਹੈ ਕਿ ਬੰਗਾਲੀ ਮੁਸਲਮਾਨ ਹੀ ਸਮੱਸਿਆ ਦੀ ਜੜ੍ਹ ਹਨ, ਨਾ ਕਿ ਹਿੰਦੋਸਤਾਨੀ ਰਾਜ, ਜਿਹੜਾ ਦੇਸ਼ ਦੇ ਹਰ ਕੋਨੇ ਵਿਚ ਮੇਹਨਤਕਸ਼ਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ, ਅਤੇ ਸਿਰਫ ਵੱਡੇ ਸਰਮਾਏਦਾਰਾਂ ਦੇ ਹਿੱਤਾਂ ਦੀ ਸੇਵਾ ਕਰਦਾ ਹੈ। ਕੇਂਦਰ ਵਿਚ ਜਾਂ ਪ੍ਰਵਾਸਨ ਨਾਲ ਸਬੰਧਤ ਸੂਬਿਆਂ ਵਿਚ, ਹਰ ਚੋਣਾਂ ਵਿਚ ਸਾਰੀਆਂ ਹੀ ਸਿਆਸੀ ਪਾਰਟੀਆਂ "ਗੈਰ-ਕਨੂੰਨੀ ਬੰਗਲਾਦੇਸ਼ੀ ਅਪ੍ਰਵਾਸੀਆਂ" ਦੇ ਖਿਲਾਫ ਸੰਘ ਪਾੜ-ਪਾੜ ਕੇ ਪ੍ਰਚਾਰ ਕਰਦੀਆਂ ਹਨ।

ਬੰਗਾਲੀ ਭਾਸ਼ਾਈ ਮੁਸਲਮਾਨਾਂ ਦੇ ਉਨ੍ਹਾਂ ਦੇ ਇਲਾਕਿਆਂ ਵਿਚੋਂ ਆ ਕੇ ਕਿਸੇ ਹੋਰ ਇਲਾਕੇ ਵਿਚ ਵਸ ਜਾਣ ਦੇ ਲੰਬੇ ਇਤਿਹਾਸ ਨੂੰ ਦੇਖਦਿਆਂ, ਜਦੋਂ ਕੇਂਦਰ ਅਤੇ ਪ੍ਰਾਂਤਿਕ ਸਰਕਾਰਾਂ ਇਹ ਕਹਿੰਦੀਆਂ ਹਨ ਕਿ ਉਨ੍ਹਾਂ ਨੂੰ ਲੱਭਣਾ ਜਾਂ ਉਨ੍ਹਾਂ ਦੀ ਸੰਖਿਆ ਪਤਾ ਕਰਨਾ "ਮੁਸ਼ਕਲ" ਹੈ, ਤਾਂ ਇਹ ਸਾਫ ਹੋ ਜਾਂਦਾ ਹੈ ਕਿ ਇਸ ਮੁੱਦੇ ਦਾ ਹੱਲ ਕਰਨ ਦਾ ਹਿੰਦੋਸਤਾਨੀ ਰਾਜ ਦਾ ਕੋਈ ਇਰਾਦਾ ਨਹੀਂ ਹੈ। ਅਸਲ ਵਿਚ ਰਾਜ ਨੂੰ ਇਹ ਪਤਾ ਹੈ ਕਿ ਉਨ੍ਹਾਂ ਕੋਲੋਂ ਕੋਈ ਖਤਰਾ ਨਹੀਂ ਹੈ, ਪਰ ਆਪਣੇ ਸਿਆਸੀ ਮੰਤਵਾਂ ਵਾਸਤੇ ਇਸ ਮੁੱਦੇ ਨੂੰ ਸੁਲਗਦਾ ਰੱਖਿਆ ਜਾਂਦਾ ਹੈ।

ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਅਸਾਮ ਅਤੇ ਹੋਰ ਪ੍ਰਾਂਤਾਂ ਦੇ ਮੇਹਨਤਕਸ਼ਾਂ ਨੂੰ ਹੋਕਾ ਦਿੰਦੀ ਹੈ ਕਿ "ਗੈਰ-ਕਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ" ਦੇ ਖਿਲਾਫ ਹਾਕਮਾਂ ਦੇ ਜ਼ਹਿਰੀਲੇ ਪ੍ਰਚਾਰ ਦਾ ਸ਼ਿਕਾਰ ਨਾ ਬਣੋ ਬਲਕਿ ਆਪਣੇ ਸਾਂਝੇ ਦੁਸ਼ਮਣ, ਹਿੰਦੋਸਤਾਨੀ ਰਾਜ, ਦੇ ਖਿਲਾਫ ਇੱਕਮੁੱਠ ਹੋਵੋ। ■

**ਹਿੰਦੋਸਤਾਨ ਦੀ ਕਮਿਊਨਿਸਟ ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਅਖਬਾਰ**

**ਮਜ਼ਦੂਰ ਏਕਤਾ ਲਹਿਰ**

(ਮਾਸਕ)

ਮੁੱਲ 5 ਰੁ. ਸਲਾਨਾ 100 ਰੁ.*ਮਨੀ ਆਡਰ ਭੇਜਣ ਲਈ ਪਤਾ:*

ਚੰਦਰਭਾਨ,

ਲੋਕ ਅਵਾਜ਼ ਪਬਲਿਸ਼ਰਜ਼ ਐਂਡ ਡਸਟ੍ਰੀਬਿਊਟਰਜ਼, ਈ-392 ਸੰਜੇ ਕਲੋਨੀ, ਓਖਲਾ ਫੇਜ਼ 2, ਨਵੀਂ ਦਿਲੀ 110020, 09868721375

## ਮਜਦੂਰ ਏਕਤਾ ਕਮੇਟੀ ਦੀ ਮੁਹਿੰਮ:

# ਕਿਰਤ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ, ਸਾਨੂੰ ਮਜਦੂਰਾਂ ਦੀ ਹਕੂਮਤ ਕਾਇਮ ਕਰਨੀ ਚਾਹੀਦੀ ਹੈ!



ਦੱਖਣੀ ਦਿੱਲੀ 'ਚ ਸਥਿਤ ਓਖਲਾ ਉਦਯੋਗਿਕ ਖੇਤਰ 1 ਅਤੇ 2 ਵਿੱਚ ਇੱਕ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦਾ ਨਾਂ ਹੈ: — (ਬੋਲਡ)*"ਮਜਦੂਰਾਂ ਦੇ ਅਧਿਕਾਰਾਂ ਦਾ ਸਰਵੇਖਣ"*। ਮਜਦੂਰ ਏਕਤਾ ਕਮੇਟੀ ਨੇ ਇਸ ਮੁਹਿੰਮ ਨੂੰ ਪੂਰੀ ਦਿੱਲੀ ਵਿੱਚ ਚਲਾਉਣ ਦੀ ਯੋਜਨਾ ਬਣਾਈ ਹੈ। ਇਸ ਦੀ ਸ਼ੁਰੂਆਤ ਓਖਲਾ ਤੋਂ, 13 ਮਈ 2014 ਨੂੰ ਕੀਤੀ ਗਈ ਸੀ ਅਤੇ ਹੱਥਲੀ ਰਿਪੋਟ ਲਿਖੇ ਜਾਣ ਤਕ ਜਾਰੀ ਹੈ।

ਇਸ ਮੁਹਿੰਮ ਦੇ ਤਹਿਤ, ਕਮੇਟੀ ਦੇ ਮੈਂਬਰਾਂ ਅਤੇ ਕਾਰਜਕਰਤਾਵਾਂ ਵਲੋਂ ਹਰ ਇਲਾਕੇ ਵਿੱਚ, ਇੱਕ ਸਥਾਨ ਉੱਤੇ ਤਿੰਨ-ਤਿੰਨ ਦਿਨਾਂ ਲਈ ਸਰਵੇ ਅਤੇ ਜਨਤਕ ਸੰਪਰਕ ਕੀਤਾ ਜਾਵੇਗਾ। ਇਹ ਪ੍ਰੋਗਰਾਮ ਅਜੇਹੀਆਂ ਥਾਵਾਂ 'ਤੇ ਜਥੇਬੰਦ ਕੀਤੇ ਜਾਣਗੇ ਜਿੱਥੋਂ ਦੀ ਵੱਧ-ਤੋਂ-ਵੱਧ ਮਜਦੂਰਾਂ ਦਾ ਲਾਂਘਾ ਹੈ। ਸਰਵੇ ਦੀਆਂ ਥਾਵਾਂ ਨੂੰ ਮਜਦੂਰ ਏਕਤਾ ਕਮੇਟੀ ਦੇ ਬੈਨਰ ਅਤੇ ਗੱਤਿਆਂ ਉੱਤੇ ਲਿਖੇ ਹੋਏ ਸਰਵੇ ਨਾਲ ਸਬੰਧਤ ਨਾਹਰਿਆਂ ਜਿਵੇਂ ਕਿ — (ਬੋ.ਅਟੈ.)*"ਠੇਕੇਦਾਰੀ ਪ੍ਰਥਾ ਦੇ ਖਿਲਾਫ ਇੱਕਜੁੱਟ ਸੰਘਰਸ਼ ਕਰੋ!", "ਘੱਟੋ-ਘੱਟ ਤਨਖ਼ਾਹ 15,000 ਰੁਪਏ ਲਾਗੂ ਕਰਵਾਉਣ ਦੀ ਮੰਗ ਲਈ ਸੰਘਰਸ਼ ਨੂੰ ਤੇਜ਼ ਕਰੋ!", "ਮਜਦੂਰਾਂ ਦੇ ਅਧਿਕਾਰਾਂ ਨੂੰ ਲਾਗੂ ਕਰਵਾਉਣ ਦੇ ਲਈ ਫੈਕਟਰੀਆਂ ਵਿੱਚ ਏਕਤਾ ਕਮੇਟੀਆਂ ਕਾਇਮ ਕਰੋ!" "ਸੰਸਦ ਇਜਾਰੇਦਾਰ ਸਰਮਾਏਦਾਰਾਂ ਦੀ ਸੱਤਾ ਦਾ ਸਾਧਨ ਹੈ!", "ਇੱਕ ਉੱਤੇ ਹਮਲਾ, ਸੱਭ ਉੱਤੇ ਹਮਲਾ!", "ਇੱਕ ਸਰਵ-ਵਿਆਪਕ, ਸਰਵਜਨਕ ਵੰਡ ਪ੍ਰਣਾਲੀ ਦੇ ਲਈ ਸੰਘਰਸ਼ ਕਰੋ, ਜਿਹਦੇ ਅੰਦਰ ਸੱਭ ਜਰੂਰੀ ਵਸਤਾਂ ਮੁਨਾਸਬ ਕੀਮਤ 'ਤੇ, ਚੋਖੀ ਮਾਤਰਾ 'ਚ ਅਤੇ ਵਧੀਆ ਗੁਣਵੱਤਾ ਵਾਲੀਆਂ ਉਪਲਬਧ ਹੋਣ!", "ਆਰਥਿਕਤਾ, ਮਿਹਨਤਕਸ਼ ਜਨ-ਸਮੂਹ ਦੀਆਂ ਜਰੂਰਤਾਂ ਪੂਰੀਆਂ ਕਰਨ ਦੀ ਦਿਸ਼ਾ ਵਿੱਚ ਚਲਾਈ ਜਾਵੇ, ਨਾ ਕਿ ਚੰਦ ਸਰਮਾਏਦਾਰਾਂ ਦੇ ਮੁਨਾਫ਼ੇ ਵਧਾਉਣ ਦੀ ਦਿਸ਼ਾ ਵਿੱਚ!"*, ਆਦਿ। ਨਾਲ ਸਜਾਇਆ ਜਾਂਦਾ ਹੈ। ਇਨ੍ਹਾਂ ਨਾਹਰਿਆਂ ਨੇ ਮਜਦੂਰਾਂ ਨੂੰ ਬਹੁਤ ਆਕਰਸ਼ਤ ਕੀਤਾ ਹੈ।

ਮੁਹਿੰਮ ਦਾ ਉਦੇਸ਼, ਮਜਦੂਰਾਂ ਦੀ ਰਾਜਨੀਤਕ ਅਤੇ ਸਮਾਜਕ ਚੇਤਨਾ ਨੂੰ ਵਧਾਉਣਾ, ਉਨ੍ਹਾਂ ਨੂੰ ਆਪਣੀ ਏਕਤਾ ਮਜਬੂਤ ਕਰਨ ਦੇ ਲਈ ਜਥੇਬੰਦ ਕਰਨਾ ਤਾਂ ਕਿ ਹਰੇਕ ਕੰਪਨੀ, ਦੁਕਾਨ ਅਤੇ ਕਾਰਖਾਨੇ ਅੰਦਰ ਮਜਦੂਰਾਂ ਨੂੰ ਇੱਕੋ ਜਥੇਬੰਦੀ ਅਤੇ ਇੱਕੋ ਬੈਨਰ ਹੇਠ, ਬਿਨਾ ਕਿਸੇ ਰਾਜਨੀਤਕ ਭੇਦ-ਭਾਵ ਤੋਂ, ਇੱਕਮੁੱਠ ਕੀਤਾ ਜਾ ਸਕੇ। ਇਸਦੇ ਨਾਲੋ-ਨਾਲ, ਮਜਦੂਰਾਂ ਵਿੱਚ ਇੱਕ ਜਮਾਤ ਦੇ ਤੌਰ 'ਤੇ ਸੰਘਰਸ਼ ਕਰਨ ਦੀ ਚੇਤਨਾ ਭਰਨਾ, ਤਾਂ ਕਿ ਸਮੁੱਚੀ ਮਜਦੂਰ ਜਮਾਤ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਅਤੇ ਸੰਘਰਸ਼ ਵਿੱਚ ਇੱਕਮੁੱਠ ਹੋਵੇ, ਨਾ ਕਿ ਸੱਭ ਮਜਦੂਰ ਵੱਖ-ਵੱਖ ਯੂਨੀਅਨਾਂ ਵਿੱਚ ਜਾ ਕੇ ਤਨਖਾਹ ਅਤੇ ਭੱਤਿਆਂ ਦੇ ਲਈ ਸੰਘਰਸ਼ ਤਕ ਹੀ ਆਪਣੀ ਲੜਾਈ ਨੂੰ ਸੀਮਿਤ ਕਰ ਦੇਣ, ਜਿਵੇਂ ਕਿ ਅੱਜ-ਕੱਲ੍ਹ ਹੁੰਦਾ ਹੈ।

ਹੁਣ ਤਕ ਕੀਤੇ ਗਏ ਸਰਵੇ ਦੇ ਦੌਰਾਨ, ਸੈਂਕੜੇ ਹੀ ਮਜਦੂਰਾਂ ਨੇ ਸਰਵੇ ਫਾਰਮ ਭਰੇ ਅਤੇ ਆਪਣੀ ਕੰਪਨੀ ਵਿੱਚ ਹੋਣ ਵਾਲੀ ਲੁੱਟ-ਖਸੁੱਟ ਦੇ ਬਾਰੇ 'ਚ ਕਿਹਾ ਕਿ: "ਠੇਕੇਦਾਰੀ ਦੇ ਤਹਿਤ ਸਾਨੂੰ ਮੁਕਰਰ ਸਮੇਂ ਨਾਲੋਂ ਵਧੇਰੇ ਸਮੇਂ ਤਕ ਕੰਮ ਕਰਨਾ ਪੈਂਦਾ ਹੈ। ਕਈ ਬਾਰ ਤਾਂ ਸਾਨੂੰ ਦੋ ਵਾਰੀਆਂ (ਸ਼ਿਫਟਾਂ) ਲਗਾਤਾਰ, ਬਿਨਾ ਅਰਾਮ ਕੀਤਿਆਂ, ਕੰਮ ਕਰਨਾ ਪੈਂਦਾ ਹੈ। ਸਾਨੂੰ ਘੱਟੋ-ਘੱਟ ਤਨਖਾਹ ਨਾਲੋਂ ਵੀ ਬਹੁਤ ਘੱਟ ਤਨਖਾਹ ਦਿੱਤੀ ਜਾਂਦੀ ਹੈ। ਸਾਡੀ ਫੈਕਟਰੀ ਵਿੱਚ ਕੰਪਨੀ ਮਾਲਕ, ਠੇਕੇਦਾਰ ਅਤੇ ਕਿਰਤ ਮਹਿਕਮੇ ਦੀ ਮਿਲੀਭੁਗਤ ਦੇ ਕਰਕੇ ਸਾਨੂੰ ਬਿਨਾ ਓਵਰਟਾਈਮ ਤੋਂ, 5000 ਤੋਂ 6000 ਰੁਪਏ 'ਚ 12 ਘੰਟੇ ਤਕ ਕੰਮ ਕਰਨਾ ਪੈਂਦਾ ਹੈ"।

ਮਜਦੂਰਾਂ ਨੇ ਦੱਸਿਆ ਕਿ ਕਿਵੇਂ ਕਈ ਵਾਰ ਉਨ੍ਹਾਂ ਨੂੰ ਦੋ-ਚਾਰ ਦਿਨ ਕਰਵਾਉਣ ਤੋਂ ਬਾਅਦ ਇਹ ਕਹਿ ਕੇ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ ਕਿ ਕੰਮ ਖਤਮ ਹੋ ਗਿਆ ਹੈ ਅਤੇ ਜਿਹੜਾ ਦੋ-ਚਾਰ ਦਿਨ ਕਰਵਾਇਆ ਸੀ ਉਸਦੇ ਪੈਸੇ ਵੀ ਨਹੀਂ ਦਿੱਤੇ



ਜਾਂਦੇ। ਪੈਸੇ ਮੰਗਣ 'ਤੇ ਠੇਕੇਦਾਰ ਦੇ ਪਾਲ਼ੇ ਹੋਏ ਗੁੰਡੇ ਸਾਨੂੰ ਧਮਕਾਉਂਦੇ ਹਨ। ਕੁੱਝ ਮਜਦੂਰਾਂ ਨੇ ਦੱਸਿਆ ਕਿ ਸਾਨੂੰ ਕਿਹਾ ਗਿਆ ਹੈ ਕਿ ਜੇਕਰ ਅਸੀਂ ਕੋਈ ਜਥੇਬੰਦੀ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਸਾਨੂੰ ਕੰਮ ਤੋਂ ਕੱਢ ਦਿੱਤਾ ਜਾਵੇਗਾ। ਸਾਨੂੰ ਆਪਣੇ ਸ਼ੋਸ਼ਨ ਦੇ ਖਿਲਾਫ ਪੁਲਿਸ ਤੋਂ ਵੀ ਕੋਈ ਮੱਦਦ ਨਹੀਂ ਮਿਲਦੀ ਕਿਉਂਕਿ ਪੁਲਿਸ ਨੂੰ ਵੀ ਕੰਪਣੀਆਂ ਪੈਸੇ ਚੜ੍ਹਾਉਂਦੀਆਂ ਹਨ। ਸਰਕਾਰੀ ਤੌਰ 'ਤੇ ਐਲਾਨੀ ਗਈ ਤਨਖਾਹ ਤਾਂ ਸਾਨੂੰ ਕਦੇ ਮਿਲਦੀ ਹੀ ਨਹੀਂ, ਜਦਕਿ ਠੇਕੇਦਾਰੀ ਤਹਿਤ ਕੰਮ ਕਰਨ ਵਾਲੇ ਮਜਦੂਰਾਂ ਨੂੰ ਵਾਇਦਾ ਕੀਤੀ ਗਈ ਤਨਖਾਹ ਨਹੀਂ ਮਿਲਦੀ।



ਬਹੁਤ ਸਾਰੇ ਮਜਦੂਰਾਂ ਨੇ ਦੱਸਿਆ ਕਿ ਉਹ 30 ਸਾਲ ਤੋਂ ਵੀ ਜਿਆਦਾ ਅਰਸੇ ਤੋਂ ਕੰਮ ਕਰ ਰਹੇ ਹਨ ਐਪਰ ਉਨ੍ਹਾਂ ਨੂੰ ਅੱਜ ਤਕ ਵੀ ਘੱਟੋ-ਘੱਟ ਤਨਖਾਹ ਨਹੀਂ ਮਿਲਦੀ ਹੈ। ਪੂਰੇ ਇਲਾਕੇ ਵਿੱਚ ਬਹੁਤ ਹੀ ਘੱਟ ਕੰਪਣੀਆਂ ਵਿੱਚ ਬੋਨਸ ਦਿੱਤਾ ਜਾਂਦਾ ਹੈ। ਦੁੱਗਣਾ ਓਵਰਟਾਈਮ ਤਾਂ ਮਿਲਦਾ ਹੀ ਨਹੀਂ। ਬਹੁਤਿਆਂ ਨੇ ਕਿਹਾ ਕਿ ਉਨ੍ਹਾਂ ਨੂੰ ਅੱਜ ਤਕ ਵੀ ਨਿਯੁਕਤੀ-ਪੱਤਰ ਨਹੀਂ ਦਿੱਤਾ ਗਿਆ। ਬਹੁਤ ਘੱਟ ਮਜਦੂਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਈ.ਐਸ.ਆਈ. ਅਤੇ ਪੀ.ਐਫ. ਮਿਲਦਾ ਹੈ।

ਸਰਵੇ ਤੋਂ ਪਤਾ ਲੱਗਿਆ ਕਿਕ ਓਖਲਾ ਉਦਯੋਗਿਕ ਖੇਤਰ ਵਿੱਚ ਜ਼ਿਆਦਾਤਰ ਫੈਕਟਰੀਆਂ 'ਚ ਸਥਾਈ ਕੰਮ ਲਈ ਵੀ ਮਜਦੂਰਾਂ ਨੂੰ ਠੇਕੇ 'ਤੇ ਲਿਆ ਜਾਂਦਾ ਹੈ। ਠੇਕੇਦਾਰ ਮਜਦੂਰਾਂ ਤੋਂ ਸਾਦੇ ਕਾਗਜ਼ 'ਤੇ ਦਸਖਤ ਵੀ ਕਰਵਾਉਂਦੇ ਹਨ। ਠੇਕੇਦਾਰਾਂ ਵਲੋਂ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਸਮਾਜਕ ਸੁਰੱਖਿਆ ਨਹੀਂ ਦਿੱਤੀ ਜਾਂਦੀ। ਜੇਕਰ ਆਪਣੇ ਹੱਕ ਹਾਸਲ ਕਰਨ ਲਈ ਕੋਈ ਅਦਾਲਤ ਜਾਂਦਾ ਹੈ ਤਾਂ ਉਹਨੂੰ ਤੁਰੰਤ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਉਹਦੇ ਕੋਲ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਹੁੰਦਾ ਕਿ ਉਹ ਉਕਤ ਕੰਪਣੀ ਵਿੱਚ ਕੰਮ ਕਰਦਾ ਹੈ।

ਸਰਵੇ ਦੌਰਾਨ, ਇਸ ਤਰ੍ਹਾਂ ਦੀ ਲੁੱਟ-ਖਸੁੱਟ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਬਾਰੇ ਵੀ ਮਜਦੂਰਾਂ ਨੇ ਮਜਦੂਰ ਏਕਤਾ ਕਮੇਟੀ ਦੇ ਕਾਰਜਕਰਤਾਵਾਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਨੇ ਇਹ ਰਾਇ ਵੀ ਪ੍ਰਗਟ ਕੀਤੀ ਕਿ ਆਪਣੇ ਅਧਿਕਾਰ ਹਾਸਲ ਕਰਨ ਲਈ ਸਾਨੂੰ ਸੰਗਠਿਤ ਤਾਂ ਹੋਣਾ ਹੀ ਪਵੇਗਾ, ਅਤੇ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਪਵੇਗਾ।

ਸਰਵੇ ਦੇ ਦੌਰਾਨ ਓਖਲਾ ਦੇ ਕਈ ਕੰਪਣੀ ਮਾਲਕਾਂ ਨੇ ਬਾਰ-ਬਾਰ ਪੁਲਿਸ ਨੂੰ ਭੇਜ ਕੇ ਸਰਵੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਕਿ ਕੋਈ ਵੀ ਮਜਧੁਰ ਅੱਗੇ ਆ ਕੇ ਆਪਣੀਆਂ ਸਮੱਸਿਆਵਾਂ ਦਰਜ ਨਾ ਕਰਵਾ ਸਕੇ। ਕਈ ਮੈਨੇਜਰਾਂ ਨੇ ਸਰਵੇ ਮੇਜ਼ ਦੇ ਕੋਲ ਆ ਕੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਕਿਸ ਵਿਸ਼ੇ 'ਤੇ ਸਰਵੇ ਕਰ ਰਹੇ ਹਾਂ। ਸੱਭ ਰੁਕਾਵਟਾਂ ਦਾ ਡਟਕੇ ਸਾਹਮਣਾ ਕਰਦੇ ਹੋਏ ਸਾਥੀਆਂ ਨੇ ਆਪਣਾ ਕੰਮ ਜਾਰੀ ਰੱਖਿਆ।

ਬਹੁਤ ਸਾਰੇ ਮਜਦੂਰਾਂ ਨੇ ਆਪਣੀ ਲੁੱਟ-ਖਸੁੱਟ ਦੇ ਖਿਲਾਫ ਲੜਨ ਦੀ ਇੱਛਾ ਪ੍ਰਗਟ ਕੀਤੀ ਤਾਂ ਕਿ ਉਹ ਜਿੰਨਾ ਕੰਮ ਕਰਦੇ ਹਨ ਉਸ ਮੁਤਾਬਿਕ ਤਨਖਾਹ ਪ੍ਰਾਪਤ ਕਰ ਸਕਣ। ਕਈਆਂ ਨੇ ਜਥੇਬੰਦੀ ਨਾਲ ਜੁੜਨ ਦੀ ਇੱਛਾ ਜ਼ਾਹਰ ਕੀਤੀ। ਉਨ੍ਹਾਂ ਨੂੰ ਕਮੇਟੀ ਦੇ ਮੈਂਬਰ ਬਣਨ ਦਾ ਸੱਦਾ ਦਿੱਤਾ ਗਿਆ।

ਇਸ ਦੌਰਾਨ ***'ਮਜਦੂਰ ਏਕਤਾ ਲਹਿਰ'*** ਦੀਆਂ ਕਾਪੀਆਂ ਵੀ ਮਜਦੂਰਾਂ ਨੇ ਬੜੇ ਉਤਸ਼ਾਹ ਨਾਲ ਖ੍ਰੀਦੀਆਂ। ਕਮਿਉਨਿਸਟ ਗ਼ਦਰ ਪਾਰਟੀ ਵਲੋਂ ਚੋਣਾਂ ਦੌਰਾਨ ਜਾਰੀ ਕੀਤੇ ਗਏ ***'ਘੋਸ਼ਣਾ-ਪੱਤਰ-2014'*** ਅਤੇ ਕਾਮਰੇਡ ਲਾਲ ਸਿੰਘ ਦੀ ਇੰਟਰਵਿਊ ***'ਭ੍ਰਿਸ਼ਟਾਚਾਰ, ਪੂੰਜੀਵਾਦ ਅਤੇ ਹਿੰਦੋਸਤਾਨੀ ਰਾਜ'*** ਦੀਆਂ ਕਾਪੀਆਂ ਵੀ ਮਜਦੂਰਾਂ ਨੇ ਬੜੇ ਉਤਸ਼ਾਹ ਨਾਲ ਪ੍ਰਾਪਤ ਕੀਤੀਆਂ ਅਤੇ ਇਨ੍ਹਾਂ ਲਈ ਮਾਲੀ ਯੋਗਦਾਨ ਵੀ ਦਿੱਤਾ।

ਮਜਦੂਰ ਏਕਤਾ ਕਮੇਟੀ ਨੇ ਮਜਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਕਮੇਟੀ ਵਿੱਚ ਸ਼ਾਮਲ ਹੋਣ ਅਤੇ ਆਪਣੇ ਸੰਘਰਸ਼ ਨੂੰ ਅੱਗੇ ਵਧਾਉਣ ਲਈ ਹੋਰ ਮਜਦੂਰਾਂ ਨੂੰ ਵੀ ਇਹਦੇ 'ਚ ਸ਼ਾਮਲ ਹੋਣ ਲਈ ਪ੍ਰੇਰਤ ਕਰਨ। ■

# ਦਿੱਲੀ ਦੇ ਵਜੀਰਪੁਰ ਉਦਯੋਗਿਕ ਖੇਤਰ ਦੇ ਮਜਦੂਰਾਂ ਦੀ ਹੜਤਾਲ

ਦਿੱਲੀ ਦੇ ਵਜੀਰਪੁਰ ਉਦਯੋਗਿਕ ਖੇਤਰ ਦੇ ਸੈਂਕੜੇ ਹੀ ਮਜਦੂਰ ਹੜਤਾਲ 'ਤੇ ਹਨ। ਇਹੱਲ ਮਜਦੂਰ ਲੋਹੇ ਦੀਆਂ ਗਰਮ ਰੋਲਾ ਮਿੱਲਾਂ ਵਿੱਚ ਕੰਮ ਕਰਦੇ ਹਨ ਅਤੇ ਕੰਮ ਦੀਆਂ ਬਿਹਤਰ ਹਾਲਤਾਂ ਅਤੇ ਕਿਰਤ ਕਨੂੰਨਾਂ ਨੂੰ ਲਾਗੂ ਕਰਵਾਉਣ ਦੀਆਂ ਮੰਗਾਂ ਦੇ ਲਈ ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਹੜਤਾਲ 'ਤੇ ਹਨ।



'ਗਰਮ ਰੋਲਾ ਮਿੱਲ ਮਜਦੂਰ ਏਕਤਾ ਸਮਿਤੀ' ਦੀ ਅਗਵਾਈ ਹੇਠ ਇਸ ਹੜਤਾਲ ਵਿੱਚ ਸ਼ਾਮਲ ਲੱਗਭਗ 23 ਕਾਰਖਾਨਿਆਂ ਦੇ ਮਜਦੂਰ ਆਪਣੀਆਂ ਮੰਗਾਂ ਮਨਵਾਉਣ ਲਈ ਡਟੇ ਹੋਏ ਹਨ। ਬੇਹੱਦ ਖਤਰਨਾਕ ਹਾਲਤਾਂ ਵਿੱਚ ਇਨ੍ਹਾਂ ਮਜਦੂਰਾਂ ਨੂੰ ਗਰਮ ਭੱਠੀ ਦੇ ਸਾਹਮਣੇ ਰੋਜ਼ਾਨਾ 12 ਤੋਂ 14 ਘੰਟੇ ਕੰਮ ਕਰਨਾ ਪੈਂਦਾ ਹੈ ਅਤੇ ਇਨ੍ਹਾਂ ਨੂੰ ਹਫ਼ਤਾਵਾਰੀ ਛੁੱਟੀ ਵੀ ਨਹੀਂ ਮਿਲਦੀ। ਇਨ੍ਹਾਂ ਕਾਰਖਾਨਿਆਂ ਵਿੱਚ ਲੋਹੇ ਨੂੰ ਪਿਘਲਾਕੇ ਸਟੇਨਲੇਸ ਸਟੀਲ 'ਚ ਬਦਲਿਆ ਜਾਂਦਾ ਹੈ। ਏਥੇ ਕੰਮ ਕਰਨ ਵਾਲੇ ਮਜਦੂਰਾਂ ਨੂੰ ਘੱਟੋ-ਘੱਟ ਤਨਖ਼ਾਹ, ਈ.ਐਸ. ਆਈ., ਪੀ.ਐਫ਼. ਆਦਿ ਵਰਗੇ ਬੁਨਿਆਦੀ ਅਧਿਕਾਰ ਵੀ ਨਹੀਂ ਮਿਲਦੇ, ਹਾਲਾਂਕਿ ਇਸ ਇਲਾਕੇ ਦੇ ਬਿਲਕੁੱਲ ਨਾਲ ਲੱਗਦੀ ਨੀਮੜੀ ਕਲੋਨੀ ਵਿੱਚ ਕਿਰਤ ਅਦਾਲਤ ਦਾ ਦਫਤਰ ਸਥਿੱਤ ਹੈ।

ਇਨ੍ਹਾਂ ਮਜਦੂਰਾਂ ਨੂੰ ਕਿਸੇ ਵੀ ਸੁਰੱਖਿਆ ਸਾਜ਼ੋ-ਸਮਾਨ ਬਿਨਾਂ ਹੀ ਗਰਮ ਭੱਠੀ ਦੇ ਸਾਹਮਣੇ ਅਸਹਾਰਨਯੋਗ ਤਾਪਮਾਨ 'ਚ ਕੰਮ ਕਰਨਾ ਪੈਂਦਾ ਹੈ। ਕੰਮ ਦੇ ਦੌਰਾਨ ਕਿਸੇ ਮਜਦੂਰ ਨਾਲ ਕੋਈ ਹਾਦਸਾ ਹੋ ਜਾਏ ਤਾਂ ਉਹਨੂੰ ਕਿਸੇ ਕਿਸਮ ਦਾ ਕੋਈ ਮੁਆਵਜ਼ਾ ਨਹੀਂ ਮਿਲਦਾ।

ਗਰਮ ਰੋਲਾ ਮਿੱਲ ਮਜਦੂਰਾਂ ਦੀ ਹੜਤਾਲ ਦੀ ਹਮਾਇਤ ਵਿੱਚ ਵਜੀਰਪੁਰ ਉਦਯੋਗਿਕ ਖੇਤਰ ਦੇ ਹੋਰ ਕਾਰਖਾਨਿਆਂ ਦੇ ਮਜਦੂਰਾਂ ਨੇ ਵੀ ਧਰਨਿਆਂ ਅਤੇ ਰੈਲੀਆਂ 'ਚ ਹਿੱਸਾ ਲਿਆ ਹੈ ਅਤੇ ਬਹੁਤ ਸਾਰੀਆਂ ਮਜਦੂਰ ਜਥੇਬੰਦੀਆਂ ਦੇ ਕਾਰਜਕਰਤਾ ਵੀ ਇਨ੍ਹਾਂ ਦੀ ਹਮਾਇਤ ਲਈ ਅੱਗੇ ਆ ਰਹੇ ਹਨ। ਮਜਦੂਰ ਏਕਤਾ ਲਹਿਰ, ਜਾਇਜ਼ ਮੰਗਾਂ ਲਈ ਇਨ੍ਹਾਂ ਮਜਦੂਰਾਂ ਦੀ ਹੜਤਾਲ ਦੀ ਹਮਾਇਤ ਕਰਦਾ ਹੈ। ■

# ਟੀ.ਵੀ. ਉਦਯੋਗ ਵਿਚ ਟੈਕਨੀਸ਼ਨਾਂ ਦੀ ਲੁੱਟ

ਬਹੁ-ਕਰੋੜ ਟੀ.ਵੀ. ਉਦਯੋਗ ਹਿੰਦੋਸਤਾਨ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਘਰ-ਘਰ ਨੂੰ ਪ੍ਰਭਾਵਿਤ ਕਰਦਾ ਹੈ। ਪਰ ਪਰਦੇ ਦੇ ਪਿੱਛੇ ਕੰਮ ਕਰਨ ਵਾਲੇ ਮਜ਼ਦੂਰਾਂ — ਜਿਸ ਦੀ ਇਸ ਚਮਕ-ਦਮਕ ਵਾਲੇ ਉਦਯੋਗ ਦੀ ਵਾਸਤਵਿਕ ਸਫ਼ਲਤਾ ’ਚ ਅਹਿਮ ਭੂਮਿਕਾ ਹੈ — ਦੇ ਅਤਿਅੰਤ ਸ਼ੋਸ਼ਣ ਕੰਮ ਦੀਆਂ ਹਾਲਤਾਂ ਬਾਰੇ ਬਹੁਤ ਹੀ ਘੱਟ ਜਾਣਕਾਰੀ ਹੈ।

13 ਮਈ ਨੂੰ ਮੁੰਬਈ ਦੀ ਫਿਲਮ ਸਿਟੀ ’ਚ ਟੀ.ਵੀ. ਟੈਕਨੀਸ਼ਨਾਂ ਦੀ ਅਚਾਨਕ ਹੜਤਾਲ ਹੋਈ। ਲਾਈਟ ਕਰਮਚਾਰੀਆਂ, ਸੈਟ ਬਣਾਉਣ ਵਾਲੇ ਅਤੇ ਸਪਾਟ ਬੋਇਜ਼ ਦੀ ਅਗਵਾਈ ਕਰਨ ਵਾਲੇ ਅਲਾਈਡ ਮਜ਼ਦੂਰ ਯੂਨੀਅਨ ਦੇ 2000 ਤੋਂ ਵੀ ਜ਼ਿਆਦਾ ਮੈਂਬਰਾਂ ਨੇ ਅਨੇਕ ਫ਼ਿਲਮ ਅਤੇ ਟੀ.ਵੀ. ਸ਼ੂਟਿੰਗ ’ਤੇ ਕੰਮ ਰੋਕ ਲਿਆ। ਉਨ੍ਹਾਂ ਨੇ ਸਮੇਂ ਸਿਰ ਅਤੇ ਚੰਗੀ ਤਨਖ਼ਾਹ ਅਤੇ ਸੀਮਤ ਘੰਟੇ ਕੰਮ ਦੀ ਮੰਗ ਕੀਤੀ।

ਅਲਾਈਡ ਮਜ਼ਦੂਰ ਯੂਨੀਅਨ ਅਨੁਸਾਰ ਟੈਕਨੀਸ਼ਨਾਂ ਅਤੇ ਸਪਾਟ ਬੋਈਜ਼ ਕਿਸੇ ਫ਼ਿਲਮ ਸੈੱਟ ਜਾਂ ਟੀ.ਵੀ. ਸੈਟ ’ਤੇ ਕੰਮ ਕਰਨ ਵਾਲੇ 60% ਹਨ। ਹਿੰਦੋਸਤਾਨ ਫ਼ਿਲਮ ਅਤੇ ਦੈਨਿਕ ਸੋਪ ਉਪੇਰਿਆਂ ਦੇ ਦੁਨੀਆਂ ਦੇ ਸੱਭ ਤੋਂ ਵੱਡੇ ਨਿਰਮਾਤਾਵਾਂ ਵਿਚੋਂ ਇੱਕ ਹੈ ਮਤਬਲ ਕਿ ਇਹ ਬਹੁਤ ਵੱਡੀ ਸ਼ਕਤੀ ਹੈ। 1998 ’ਚ ਤਤਕਾਲੀਨ ਸੂਚਨਾ ਅਤੇ ਪ੍ਰਸਾਰਣ ਮੰਤਰੀ ਸੁਸ਼ਮਾ ਸਵਰਾਜ ਨੇ ਫ਼ਿਲਮੀ ਦੁਨੀਆਂ ਨੂੰ ਸਰਕਾਰੀ ਤੌਰ ’ਤੇ ਉਦਯੋਗਿਕ ਦਰਜਾ ਦਿੱਤਾ ਹੈ। ਇਸਦੇ ਬਾਵਜੂਦ ਅੱਜ ਤਕ ਫ਼ਿਲਮ ਅਤੇ ਟੀ.ਵੀ. ਉਦਯੋਗ ਵਿਚ ਤਕਨੀਕੀ ਮਜ਼ਦੂਰਾਂ ਨੂੰ ਕਾਨੂੰਨੀ ਸੁਰੱਖਿਆ ਨਹੀਂ ਮਿਲਦੀ ਅਤੇ ਉਨ੍ਹਾਂ ਨੂੰ ਇਸ ਖੇਤਰ ਦਾ ਹਿੱਸਾ ਨਹੀਂ ਮੰਨਿਆ ਜਾਂਦਾ।

ਮਜ਼ਦੂਰਾਂ ਦੀ ਹਾਲਤ ਬਾਰੇ ਯੂਨੀਅਨ ਦੇ ਬੁਲਾਰੇ, ਸ਼੍ਰੀਵਾਸਤਵ, ਨੇ ਕਿਹਾ ਕਿ ਇਸ ਸਮੇਂ ਟੀ.ਵੀ. ਉਦਯੋਗ ਦੇ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਇੱਕਮਾਤਰ ਸੁਰੱਖਿਆ ਇੱਕ ਮੈਮੋਰੰਡਮ ਆਫ ਅੰਡਰਸਟੈਂਡਿੰਗ (ਸਮਝੌਤਾ ਪੱਤਰ) ਹੈ, ਜਿਸ ਉਤੇ ਦਸਤਖ਼ਤ ਕਰਨ ਵਾਲੇ ਚਾਰ ਫ਼ਿਲਮ ਉਤਪਾਦਨ ਸੰਸਥਾਨ ਹਨ ਅਤੇ ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ ਹੈ — ਜੋ ਫ਼ਿਲਮ ਤਕਨੀਸ਼ੀਅਨਾਂ ਅਤੇ ਸੈਟਸ ਦੇ ਕਰਮਚਾਰੀਆਂ ਦੇ ਹੱਕ ’ਚ ਕੰਮ ਕਰਨ ਵਾਲੇ 22 ਯੂਨੀਅਨਾਂ ਦਾ ਮਹਾਂਸੰਘ ਹੈ।

ਲਿਖਤੀ ਸਮਝੌਤੇ ਵਿਚ ਇਹ ਕਿਹਾ ਗਿਆ ਹੈ ਕਿ ਤਕਨੀਸ਼ੀਅਨਾਂ ਨੂੰ 12 ਘੰਟੇ ਤੋਂ ਜ਼ਿਆਦਾ ਲਗਾਤਾਰ ਕੰਮ ਨਹੀਂ ਕਰਨਾ ਪਵੇਗਾ। ਪਰੰਤੂ ਲਾਈਟਮੈਨ ਜਿਹੇ ਕੁੱਝ ਤਕਨੀਸ਼ੀਅਨਾਂ ਨੂੰ ਹਰੇਕ ਸ਼ੂਟਿੰਗ ਤੋਂ ਪਹਿਲਾਂ ਲਾਈਟਾਂ ਲਗਾਉਣੀਆਂ ਪੈਂਦੀਆਂ ਹਨ ਅਤੇ ਬਾਅਦ ਵਿਚ ਲਾਈਟਾਂ ਹਟਾਉਣੀਆਂ ਪੈਂਦੀਆਂ ਹਨ, ਜਿਸ ਕਰਕੇ ਉਨ੍ਹਾਂ ਦਾ ਕੰਮ ਲਗਾਤਾਰ 18 ਘੰਟੇ ਹੋ ਜਾਂਦਾ ਹੈ।

ਲਾਈਟਮੈਨ ਨੂੰ ਅਕਸਰ ਜ਼ਮੀਨ ਤੋਂ ਕਈ ਫੁੱਟ ਉਚਾਈ ’ਤੇ ਕੰਮ ਕਰਨਾ ਪੈਂਦਾ ਹੈ। ਹਾਲਾਂਕਿ ਕਈ ਮਜ਼ਦੂਰ ਸੈਟ ’ਤੇ ਦੁਰਘਟਨਾ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪੈਂਦੇ ਹਨ, ਪਰੰਤੂ ਇਸਦੇ ਬਾਵਜੂਦ ਉਨ੍ਹਾਂ ਨੂੰ ਹੈਲਮੈਟ, ਸੁਰੱਖਿਆ ਪੇਟੀ ਇਥੋਂ ਤਕ ਕਿ ਪੀਣ ਲਈ ਪਾਣੀ ਤਕ ਨਹੀਂ ਦਿੱਤਾ ਜਾਂਦਾ।

ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ ਦੇ ਸਾਬਕਾ ਆਗੂ ਚਨਾਨਾ ਨੇ ਦੱਸਿਆ ਕਿ ਤਕਨੀਸ਼ਅਨਾਂ ਲਈ ਸਿਹਤ ਸੁਰੱਖਿਆ ਲਈ ਕੋਈ ਇੰਤਜ਼ਾਮ ਨਹੀਂ ਹੈ। ਰਿਪੋਰਟ ਅਨੁਸਾਰ ਕਾਫੀ ਮਜ਼ਦੂਰ ਬਿਮਾਰ ਹੋ ਜਾਂਦੇ ਹਨ। ਹਾਲਾਂਕਿ ਫ਼ਿਲਮ ਸਿਟੀ ਮਹਾਂਰਾਸ਼ਟਰ ਸਰਕਾਰ ਦੀ ਜਾਇਦਾਦ ਹੈ, ਉਥੇ ਕੋਈ ਐਂਬੂਲਸ ਜਾਂ ਫੌਰੀ ਡਾਕਟਰੀ ਸੇਵਾ ਉਪਲੱਬਧ ਨਹੀਂ ਹੈ। ਜ਼ਿਆਦਾਤਰ ਤਕਨੀਸ਼ੀਅਨ ਗਰੀਬ ਪਰਿਵਾਰਾਂ ਵਿਚੋਂ ਹਨ, ਜੋ ਸ਼ਹਿਰ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਕੰਮ ’ਤੇ ਪਹੁੰਚਣ ਲਈ ਕਈ ਘੰਟੇ ਦਾ ਸਫ਼ਰ ਕਰਨਾ ਪੈਂਦਾ ਹੈ। ਇਸੇ ਕਾਰਣ ਉਨ੍ਹਾਂ ਨੂੰ ਆਰਾਮ ਕਰਨ ਲਈ ਬਹੁਤ ਘੱਟ ਸਮਾਂ ਮਿਲਦਾ ਹੈ।

ਲਾਈਟ ਤਕਨੀਸ਼ਨਾਂ ਨੂੰ ਆਮ ਤੌਰ ’ਤੇ ਪ੍ਰਤੀਦਿਨ 750 ਰੁਪਏ ਮਿਲਦੇ ਹਨ। ਉਨ੍ਹਾਂ ਨੂੰ ਇਹ 8 ਘੰਟੇ ਕੰਮ ਕਰਨ ਲਈ ਮਿਲਣਾ ਚਾਹੀਦਾ ਹੈ, ਪਰ ਉਨ੍ਹਾਂ ਨੂੰ 12 ਘੰਟੇ ਕੰਮ ਕਰਨ ’ਤੇ ਵੀ 750 ਰੁਪਏ ਹੀ ਮਿਲਦੇ ਹਨ। ਯੂਨੀਅਨ ਦਾ ਕਹਿਣਾ ਹੈ ਕਿ “ਇਹ ਵੀ ਨਿਯਮਤ ਤੌਰ ’ਤੇ ਨਹੀਂ ਮਿਲਦਾ, ਜੋ ਕਿ ਸਮਝੌਤੇ ਦੀ ਉਲੰਘਣਾ ਹੈ”।

ਲਿਖਤੀ ਸਮਝੌਤੇ ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਹੈ। ਇਸ ਲਈ ਯੂਨੀਅਨ ਨੇ 12 ਘੰਟੇ ਕੰਮ ਤੋਂ ਬਾਅਦ, ਫ਼ਿਲਮ ਅਤੇ ਟੀ.ਵੀ. ਸੈਟ ਤੋਂ ਆਪਣੇ ਮੈਂਬਰਾਂ ਨੂੰ ਬਾਹਰ ਕੱਢ ਕੇ ਵਿਰੋਧ ਕਰਨ ਦਾ ਤਰੀਕਾ ਅਪਣਾਇਆ ਹੈ। ਇਸੇ ਕਰਕੇ ਕਈ ਵਾਰ ਤਕਨੀਸ਼ਨਾਂ ਅਤੇ ਫ਼ਿਲਮ ਨਿਰਮਾਤਾਵਾਂ ਵਿਚ ਲੜਾਈ-ਝਗੜੇ ਵੀ ਹੋਏ ਹਨ।

ਅੱਜਕਲ੍ਹ ਕੁੱਝ ਫ਼ਿਲਮ ਨਿਰਮਾਤਾ ਇਹ ਮੰਨਣ ਲੱਗੇ ਹਨ ਕਿ ਮਨੋਰੰਜਨ ਉਦਯੋਗ, ਖ਼ਾਸ ਕਰਕੇ ਟੀ.ਵੀ. ਦੇ ਚਮਕ-ਦਮਕ ਪਿੱਛੇ, ਤਕਨੀਸ਼ੀਅਨਾਂ ਤੋਂ ਬਹੁਤ ਘੱਟ ਤਨਖ਼ਾਹ ’ਤੇ ਬਹੁਤ ਜ਼ਿਆਦਾ ਕੰਮ ਲਿਆ ਜਾਂਦਾ ਹੈ। ਰੋਜ਼ਾਨਾ ਸੋਪ ਉਪੇਰਿਆਂ ਦੀਆਂ ਬਹੁਤ ਕਠਿਨ ਸਮਾਂ ਸੀਮਾਵਾਂ ਹੁੰਦੀਆਂ ਹਨ। ਟੀ.ਵੀ. ਚੈਨਲ ਅਕਸਰ ਨਿਰਮਾਤਾਵਾਂ ਨੂੰ ਬਹੁਤ ਲੇਟ ਪੈਸੇ ਦਿੰਦੇ ਹਨ। ਇਸਦਾ ਸੱਭ ਤੋਂ ਪਹਿਲਾਂ ਅਸਰ ਤਕਨੀਕੀ ਮਜ਼ਦੂਰਾਂ ’ਤੇ ਪੈਂਦਾ ਹੈ, ਜੋ ਉਤਪਾਦਨ ਵਿਚ ਸੱਭ ਤੋਂ ਨੀਵੇਂ ਪੱਧਰ ’ਤੇ ਹਨ। ■

# ਪੀ.ਜੇ.ਨਾਯਕ ਰਿਪ੍ਰੋਰਟ ਦਾ ਬੈਂਕ ਮਜਦੂਰਾਂ ਵਲੋਂ ਵਿਰੋਧ

19 ਮਈ ਨੂੰ ਪ੍ਰਕਾਸ਼ਤ ਖਬਰਾਂ ਦੇ ਮੁਤਾਬਕ, ਏਕਿਸਸ ਬੈਂਕ ਦੇ ਪ੍ਰਧਾਨ, ਪੀ.ਜੇ.ਨਾਯਕ, ਦੀ ਪ੍ਰਧਾਨਗੀ ਹੇਠ ਭਾਰਤੀ ਰਿਜ਼ਰਵ ਬੈਂਕ ਦੀ ਇੱਕ ਕਾਰਜਕਾਰੀ ਕਮੇਟੀ, ਜੋ ਹਿੰਦੋਸਤਾਨੀ ਬੈਂਕਾਂ ਦੇ ਗਵਰਨਰ ਮੰਡਲਾਂ ਦੀ ਸਮੀਖਿਆ ਕਰ ਰਹੀ ਸੀ, ਉਸਨੇ ਆਪਣੀ ਰਿਪ੍ਰੋਟ ਇਸ ਸਿਫਾਰਿਸ਼ ਦੇ ਨਾਲ ਪੇਸ਼ ਕੀਤੀ ਹੈ ਕਿ ਪਬਲਿਕ ਸੈਕਟਰ ਦੀਆਂ ਬੈਂਕਾਂ ਵਿੱਚ ਸਰਕਾਰ ਨੂੰ ਆਪਣੀ ਮਾਲਕੀ 50 ਪ੍ਰਤੀਸ਼ਤ ਤੋਂ ਘੱਟ ਕਰ ਦੇਣੀ ਚਾਹੀਦੀ ਹੈ।

ਨਾਯਕ ਕਮੇਟੀ ਦੀਆਂ ਹੋਰ ਸਿਫਾਰਿਸ਼ਾਂ ਇਹ ਹਨ: ਪਬਲਿਕ ਸੈਕਟਰ ਦੀਆਂ ਬੈਂਕਾਂ ਨੂੰ ਵਿਲੀਨ (ਸਮਾਵਿਸ਼ਟ) ਕਰਨਾ, ਪਬਲਿਕ ਸੈਕਟਰ ਦੀਆਂ ਬੈਂਕਾਂ ਦੀ ਮਾਲਕੀ ਨੂੰ ਇੱਕ “ਬੈਂਕ ਨਿਵੇਸ਼ ਕੰਪਣੀ” ਦੇ ਸਪੁੱਰਦ ਕਰਨਾ, ਬੈਂਕ ਰਾਸ਼ਟਰੀਕਰਣ ਕਨੂੰਨ ਤੇ ਐਸ.ਬੀ.ਆਈ. ਕਨੂੰਨ ਨੂੰ ਰੱਦ ਕਰਨਾ ਅਤੇ ਬੈਂਕਾਂ ਨੂੰ ਕੰਪਨੀਸ ਐਕਟ ਦੇ ਅਧੀਨ ਲਿਆਉਣਾ, ਅਤੇ ਨਾਲ ਹੀ, ਪਬਲਿਕ ਸੈਕਟਰ ਦੀਆਂ ਬੈਂਕਾਂ ਦੇ ਸ਼ੇਅਰ-ਧਾਰਕਾਂ ਦੇ ਵੋਟ ਦੇ ਅਧਿਕਾਰ ਨੂੰ 10 ਪ੍ਰਤੀਸ਼ਤ ਤੋਂ ਵਧਾਕੇ 26 ਪ੍ਰਤੀਸ਼ਤ ਕਰਨਾ।

ਅਸਲ ਵਿੱਚ, ਨਾਯਕ ਕਮੇਟੀ ਨੇ ਦੇਸ਼ ਦੀਆਂ ਉਨ੍ਹਾਂ ਸੱਭ ਤੋਂ ਵੱਡੀਆਂ ਬੈਂਕਾਂ ਦੇ ਨਿੱਜੀਕਰਣ ਦੀ ਸਿਫਾਰਿਸ਼ ਕੀਤੀ ਹੈ ਜਿਹੜੀਆਂ ਹੁਣ ਤਕ ਹਿੰਦੋਸਤਾਨ ਸਰਕਾਰ ਦੀ ਮਾਲਕੀ ਅਧੀਨ ਹਨ।

ਹਿੰਦੋਸਤਾਨੀ ਸਰਕਾਰ ਨੇ 19 ਜੁਲਾਈ 1969 ਨੂੰ, ਬੈਂਕ ਰਾਸ਼ਟਰੀਕਰਣ ਐਕਟ-1969 ਦੇ ਤਹਿਤ, 14 ਤਜਾਰਤੀ ਬੈਂਕਾਂ ਦਾ ਰਾਸ਼ਟਰੀਕਰਣ ਕਰ ਦਿੱਤਾ ਸੀ। ਇਸ ਦੇ ਪੱਖ ਵਿੱਚ ਇਹ ਕਿਹਾ ਗਿਆ ਸੀ ਕਿ ਇਸ ਨਾਲ ਪੂਰੇ ਦੇਸ਼ ਅੰਦਰ ਬੈਂਕਿੰਗ ਦਾ ਦਾਇਰਾ ਵਧੇਗਾ, ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੀਆਂ ਬੈਂਕਾਂ ’ਚ ਸੰਤੁਲਨ ਬਿਹਤਰ ਹੋਵੇਗਾ ਅਤੇ ਸਰਕਾਰ ਲਈ ਆਪਣੇ ਕੁੱਝ ਸਮਾਜਕ ਟੀਚੇ ਪੂਰੇ ਕਰਨਾ ਸੰਭਵ ਹੋ ਜਾਵੇਗਾ, ਜਿਵੇਂ ਕਿ ਬੈਂਕਿੰਗ ‘ਚੋਂ ਇਜਾਰੇਦਾਰੀ

ਬਾਕੀ ਸਫਾ 20 ’ਤੇ

RNI No. DELPUN/2009/29968, Postal Regd.No. DL (S)-01/3370/2013-15, Posting at NDPSO 11-12, Every Month, Publishing Date – July 9, 2014

Mazdoor Ekta Lehar, Printed and Published by Madhusudhan Kasturi on behalf of Lok Awaz Publishers and Distributors., Printed at: Maa Printers, B-24/2, Okhla Industrial Area, Phase-2, New Delhi - 20, Published at: E-392, Sanjay Colony, Okhla Ph.-II, New Delhi - 110020, Editor: Chanderbhan, 9868721375

To ......................................
......................................
......................................
......................................

## ਅਧਿਕਾਰਾਂ ਲਈ ਸੰਘਰਸ਼

ਕੰਟਰੋਲ ਖਤਮ ਕਰਨਾ ਅਤੇ ਖੇਤੀ, ਘਰੇਲੂ ਤੇ ਛੋਟੇ ਉਦਯੋਗਾਂ, ਆਦਿ ਵਰਗੇ ਤਰਜ਼ੀਹੀ ਖੇਤਰਾਂ ਵਿੱਚ ਉਧਾਰ ਦੇਣ ‘ਚ ਵਾਧਾ ਕਰਨਾ।

ਉਪਰੋਕਤ ਕਦਮ ਤੋਂ ਬਾਅਦ ਰਾਸ਼ਟਰੀਕਰਣ ਦੇ ਦੂਸਰੇ ਪੜਾ ‘ਚ, ਹਿੰਦੋਸਤਾਨ ਦੀ ਸਰਕਾਰ ਨੇ 6 ਹੋਰ ਬੈਂਕਾਂ ਦੀ ਮਾਲਕੀ ਆਪਣੇ ਹੱਥਾਂ ‘ਚ ਲੈ ਲਈ, ਮਤਲਬ ਕਿ ਕੁੱਲ ਮਿਲਾਕੇ ਰਾਸ਼ਟਰੀਕ੍ਰਿਤ ਬੈਂਕਾਂ ਦੀ ਗਿਣਤੀ 20 ਹੋ ਗਈ। ਨਿੱਜੀ ਮਾਲਕੀ ਵਾਲੀਆਂ ਬੈਂਕਾਂ, ਰਾਸ਼ਟਰੀਕ੍ਰਿਤ ਬੈਂਕਾਂ ਨਾਲ ਸਹਿਹੋਂਦ ‘ਚ ਰਹੀਆਂ ਅਤੇ ਵਿਦੇਸ਼ੀ ਬੈਂਕਾਂ ਨੂੰ ਸਖਤ ਨਿਯਮਾਂ ਅਧੀਨ ਕੰਮ ਕਰਨ ਦੀ ਇਜਾਜ਼ਿਤ ਦਿੱਤੀ ਗਈ। ਹਿੰਦੋਸਤਾਨ ਅੰਦਰ ਰਾਸ਼ਟਰੀਕਰਣ ਦੇ ਦੋ ਵੱਡੇ ਪੜਾਵਾਂ ਉਪਰੰਤ, 80 ਪ੍ਰਤੀਸ਼ਤ ਬੈਂਕਿੰਗ ਖੇਤਰ ਪਬਲਿਕ ਸੈਕਟਰ/ਸਰਕਾਰੀ ਮਾਲਕੀ ਅਧੀਨ ਆ ਗਿਆ।

1993 ਤੋਂ ਬਾਅਦ ਦੇ ਅਰਸੇ ਵਿੱਚ ਇਹ ਨੀਤੀ ਹੌਲੀ-ਹੌਲੀ ਉਲਟਾਈ ਜਾਣ ਲੱਗੀ। 12 ਨਿੱਜੀ ਬੈਂਕਾਂ ਨੂੰ ਲਾਇਸੈਂਸ ਦੇਣ ਦੇ ਨਾਲ-ਨਾਲ ਵਿਦੇਸ਼ੀ ਬੈਂਕਾਂ ਨੂੰ ਵੀ ਹਿੰਦੋਸਤਾਨ ਵਿੱਚ ਵਧੇਰੇ ਜਗ੍ਹਾ ਦਿੱਤੀ ਗਈ ਹੈ।

ਨਾਯਕ ਕਮੇਟੀ ਦੀਆਂ ਸਿਫਾਰਸ਼ਾਂ ਨਿਸਚਿਤ ਤੌਰ ‘ਤੇ ਕੌਮੀਕਰਣ ਦੀ ਉਸ ਨੀਤੀ ਨੂੰ ਪੂਰੀ ਤਰ੍ਹਾਂ ਉਲਟਾਉਣ ਵੱਲ ਇੱਕ ਕਦਮ ਦੇ ਤੌਰ ‘ਤੇ ਦੇਖੀਆਂ ਜਾ ਰਹੀਆਂ ਹਨ। ਪੂਰੇ ਦੇਸ਼ ਵਿੱਚ ਬੈਂਕ ਕਰਮਚਾਰੀਆਂ ਨੇ ਇਨ੍ਹਾਂ ਦਾ ਵਿਆਪਕ ਵਿਰੋਧ ਕੀਤਾ ਹੈ। ਆਲ ਇੰਡੀਆ ਬੈਂਕ ਇਮਪਲਾਈਜ਼ ਐਸੋਸੀਏਸ਼ਨ (ਏ.ਆਈ.ਬੀ.ਈ.ਏ.), ਜੋ ਪਬਲਿਕ ਸੈਕਟਰ, ਨਿੱਜੀ ਸੈਕਟਰ ਅਤੇ ਵਿਦੇਸ਼ੀ ਬੈਂਕਾਂ ਦੇ ਪੰਜ ਲੱਖ ਕਰਮਚਾਰੀਆਂ ਦੀ ਪ੍ਰਤੀਨਿੱਧ ਹੋਣ ਦਾ ਦਾਅਵਾ ਕਰਦੀ ਹੈ ਉਸਨੇ, ਜੇਕਰ ਨਾਯਕ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਨਾਮਨਜ਼ੂਰ ਨਹੀਂ ਕੀਤਾ ਜਾਂਦਾ ਤਾਂ ਹੜਤਾਲ ਦਾ ਸੱਦਾ ਦੇਣ ਦੀ ਧਮਕੀ ਦਿੱਤੀ ਹੈ। ਬੈਂਕ ਕਰਮਚਾਰੀਆਂ ਦੀਆਂ ਹੋਰ ਯੂਨੀਅਨਾਂ ਨੇ ਵੀ ਇਨ੍ਹਾਂ ਸਿਫਾਰਸ਼ਾਂ ਦਾ ਵਿਰੋਧ ਕੀਤਾ ਹੈ, ਜਿਵੇਂ ਕਿ ਆਲ ਇੰਡੀਆ ਬੈਂਕ ਆਫਿਸਰਜ਼ ਐਸੋਸੀਏਸ਼ਨ (ਏ.ਆਈ.ਬੀ.ਓ.ਏ.), ਬੈਂਕ ਇਮਪਲਾਈਜ਼ ਫੈਡਰੇਸ਼ਨ ਆਫ ਇੰਡੀਆ (ਬੀ.ਈ.ਐਫ.ਆਈ.), ਇੰਡੀਅਨ ਨੈਸ਼ਨਲ ਬੈਂਕ ਇਮਪਲਾਈਜ਼ ਫੈਡਰੇਸ਼ਨ (ਆਈ.ਐਨ.ਬੀ.ਈ.ਐਫ.) ਅਤੇ ਇੰਡੀਅਨ ਨੈਸ਼ਨਲ ਬੈਂਕ ਆਫਿਸਰਜ਼ ਕਾਂਗਰਸ (ਆਈ.ਐਨ.ਬੀ.ਓ.ਸੀ.)।

ਬੈਂਕ ਕਰਮਚਾਰੀਆਂ ਦੀਆਂ ਜਥੇਬੰਦੀਆਂ ਕਹਿ ਰਹੀਆਂ ਹਨ ਕਿ ਇਹ ਕਦਮ ਪਬਲਿਕ ਸੈਕਟਰ ਬੈਂਕਿੰਗ ਦੀ ਹੈਸੀਅਤ ਨੂੰ ਨਸ਼ਟ ਕਰਨ ਲਈ ਉਠਾਇਆ ਜਾ ਰਿਹਾ ਹੈ। ਅਜੇਹਾ, ਵਧੀਆ ਇੰਤਜ਼ਾਮ (ਗੁੱਡ ਗਵਰਨੈਂਸ) ਦੇ ਨਾਂ ‘ਤੇ ਕੀਤਾ ਜਾ ਰਿਹਾ ਹੈ। ਏ.ਆਈ.ਬੀ.ਈ.ਏ. ਦੇ ਮੁੱਖ ਸਕੱਤਰ ਸੀ.ਐਚ. ਵੈਂਕਟਾਚਲਮ ਨੇ ਕਿਹਾ: “ਇਹ ਦੁੱਖ ਦੀ ਗੱਲ ਹੈ ਕਿ ਕਮੇਟੀ ਨੇ ਪਬਲਿਕ ਸੈਕਟਰ ਦੀਆਂ ਬੈਂਕਾਂ ਨੂੰ, ਇੱਕ ਅਜੇਹੇ ਸਮੇਂ ‘ਤੇ ਨਿੱਜੀ ਹੱਥਾਂ ‘ਚ ਸੌਂਪਣ ਦੀ ਸਿਫਾਰਸ਼ ਕੀਤੀ ਹੈ ਜਦ ਜ਼ਿਆਦਾਤਰ ਖਰਾਬ ਕਰਜ਼ਿਆਂ ਦੇ ਲਈ ਨਿੱਜੀ ਖੇਤਰ ਦੀਆਂ ਬੈਂਕਾਂ ਜਿਮੇਵਾਰ ਹਨ। ਚਾਰ ਲੱਖ ਕ੍ਰੋੜ ਤੋਂ ਵੀ ਜ਼ਿਆਦਾ ਖਰਾਬ ਕਰਜ਼ੇ ਵੱਡੇ ਨਿੱਜੀ ਕਾਰਪੋਰੇਟ ਅਤੇ ਕਾਰੋਬਾਰੀ ਅਦਾਰਿਆਂ ਦੇ ਵਲੋਂ ਨਾ ਮੋੜੇ ਗਏ ਕਰਜ਼ੇ ਹਨ। ਆਪਣੇ ਦੇਸ਼ ਅੰਦਰ ਨਿੱਜੀ ਬੈਂਕਾਂ ਦੀ ਖਰਾਬ ਕਾਰਗੁਜ਼ਾਰੀ ਦੇ ਮੱਦੇਨਜ਼ਰ, ਸੱਭ ਨਿੱਜੀ ਬੈਂਕਾਂ ਦਾ ਕੌਮੀਕਰਣ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪਬਲਿਕ ਸੈਕਟਰ ਬੈਂਕਿੰਗ ਦੇ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ”। ■

ਬਾਕਾਇਦਾ ਪਾਠਕ ਬਣੋ

ਮਜਦੂਰ ਏਕਤਾ ਲਹਿਰ



(ਮਜਦੂਰ ਜਮਾਤ ਦਾ ਰਾਜ ਸਥਾਪਤ ਕਰਨ ਪ੍ਰਤੀ ਸਮਰਪਤ)

ਆਪਣੀ ਅਵਾਜ਼ ਬੁਲੰਦ ਕਰੋ!

ਮਜਦੂਰ ਏਕਤਾ ਲਹਿਰ ਸੱਦਾ ਦਿੰਦੀ ਹੈ ਕਿ ਆਪਣੇ ਕੰਮ ਦੇ ਇਲਾਕੇ ਵਿੱਚ ਅਤੇ ਆਸ-ਪਾਸ ਦੇ ਮਜਦੂਰਾਂ ਦੀਆਂ ਸਮੱਸਿਆਵਾਂ ਅਤੇ ਸੰਘਰਸ਼ਾਂ ਬਾਰੇ ਸਾਨੂੰ ਸੂਚਨਾ ਦਿਓ!

ਸੰਪਰਕ ਕਰੋ : ਸੰਪਾਦਕ, ਮੋਬਾਇਲ ਨੰ: -- 09868721375